ੴ


ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਜੂਨ 1984 ਦੇ ਖ਼ੂਨੀ ਘਲੂਘਾਰੇ ਦੀ ਯਾਦ

JUN 1986



ਜੂਨ ੧੯੮੬

ਖੰਡਰ ਬਣੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਦੁਖਦਾਈ ਦ੍ਰਿਸ਼

www.AKJ.Org

# ਤਤਕਰਾ


| | | |
|---|---|---|
| ਗੁਰ ਅਰਜਨ ਵਿਟਹੁ ਕੁਰਬਾਣੀ | ੩ | ਭਾਈ ਗੁਰਦਾਸ ਜੀ |
| ਸਰਬੱਗ ਪੁਰਖਾਂ ਦਾ ਸ਼ਹੀਦੀ ਸਾਕਾ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਬਾਰੰ ਬਾਰ ਬਾਰ ਪ੍ਰਭੁ ਜਪੀਐ | ੫ | ,, ,, ,, |
| ਕਰਮੁ ਕਹਾ ਤੇ ਆਇਆ | ੧੨ | ,, ,, ,, |
| 'ਗੁਰਬਾਣੀ ਰਹਿਤਨਾਮਾ' ਬਾਰੇ | ੧੫ | ਭਾਈ ਰਾਮ ਸਿੰਘ ਜੀ ਸੁਕਐਡਰਨ ਲੀਡਰ |
| ਪੰਜਾਬ ਨੂੰ ਇਨਸਾਫ਼ ਕਦੋਂ ਅਤੇ ਕਿਵੇਂ ਮਿਲੇਗਾ ? | ੧੬ | ਸ: ਵਰਿਆਮ ਸਿੰਘ ਜੀ |
| ਸਿਖਾਂ ਦੀ ਮਾਰਸ਼ਲ ਸਪਿਰਿਟ ਤੇ ਕੁਰਬਾਨੀ ਦਾ ਜਜ਼ਬਾ | ੧੮ | ਸ: ਨਰੈਣ ਸਿੰਘ ਜੀ ਐਮ. ਏ. |
| ਰੁੜ੍ਹਦਾ ਪੰਥ ਤੇ ਖੁਰਦਾ ਪੰਜਾਬ ਬਚਾਓ | ੨੧ | ਸ: ਜਸਵੰਤ ਸਿੰਘ ਜੀ ਕੰਵਲ |
| ਧਰਮ ਕੀ ਗਤਿ ਰਹੀ | ੨੮ | 'ਸੂਰਾ' ਪਰਵਾਰ |
| ਬਾਣੀ ਅਤੇ ਬਾਣੇ ਵਾਲਾ ਗੁਰਸਿਖ | ੩੨ | ਸ: ਤ੍ਰਿਲੋਚਨ ਸਿੰਘ ਜੀ |
| ਮੇਰੀ ਹੈ ਅਰਦਾਸਿ (ਕਵਿਤਾ) | ੩੪ | ਸ: ਅਤਰ ਸਿੰਘ ਜੀ ਨੀਰ |
| ਗੁਰੂ ਨਾਨਕ ਦੇਵ ਜੀ ਦੀ ਤਿੱਬਤ ਤੇ ਚੀਨ ਦੀ ਯਾਤਰਾ | ੩੬ | ਡਾਕਟਰ ਗੁਰਚਰਨ ਸਿੰਘ ਜੀ |
| ਅਰਬ ਦੇਸਾਂ ਵਿਚ ਸਿਖੀ ਦੀ ਲਹਿਰ | ੩੭ | ਸ: ਸਤਨਾਮ ਸਿੰਘ ਜੀ ਚਾਹਲ |
| ਸਤਸੰਗਤਿ ਕੈਸੀ ਜਾਣੀਐ | ੩੮ | 'ਸੂਰਾ' ਪਰਵਾਰ |


ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ੧੧ ਜੂਨ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਵਤਾਰ ੨੨ ਜੂਨ

## ਸੂਰਾ ਮਾਸਕ ਪੱਤਰ ਨੂੰ ਪ੍ਰੁੱਜੀ ਸਹਾਇਤਾ

| | | |
|---|---|---|
| ਸ: ਤਰਲੋਕ ਸਿੰਘ ਸੁਰਜੀਤ ਸਿੰਘ ਬੱਗਾ ਅੰਮ੍ਰਿਤਸਰ | ਚੜ੍ਹਾਵਾ ਸਮਾਗਮ ... ... ... | ੫੧-੦੦ |
| ਸ: ਅਮਰਜੀਤ ਸਿੰਘ ਸਮੈਥਵਿਕ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੮੪-੦੦ |
| ਸ: ਲਖਬੀਰ ਸਿੰਘ ਦੋਹਾ (ਕਤਰ) | ,, ,, ,, ,, | ੧੦੫-੦੦ |
| ਬੀਬੀ ਤੇਜਵੰਤ ਕੌਰ ਸੁਪਤਨੀ ਭਾ: ਪੂਰਨ ਸਿੰਘ ਬਲ | ਬੀਬੀ ਹਰਵਿੰਦਰ ਕੌਰ ਦੇ ਅਨੰਦ ਦੀ ਖੁਸ਼ੀ ਵਿਚ | ੫੧-੦੦ |
| ਸ: ਬੀਰ ਸਿੰਘ, ਅਲੀਪੁਰ, ਜਹਾਂਗੀਰ | 'ਸੂਰਾ' ਦੀ ਚੜ੍ਹਦੀ ਕਲਾ ਲਈ ... ... ... | ੧੧-੦੦ |
| ਸ: ਸੂਰਤ ਸਿੰਘ ਪੂਰਨ-ਬੀਬੀ ਭੁਪਿੰਦਰ ਕੌਰ ਅੰਮ੍ਰਿਤਸਰ | ਬੱਚੀ ਸਿਮਰਨ ਕੌਰ ਦੇ ਅਨੰਦ ਦੀ ਖੁਸ਼ੀ ਵਿਚ | ੫੦੦-੦੦ |

## ਕੈਪਟਿਨ ਸਵਰਨ ਸਿੰਘ ਜੀ ਦੇ ਬਾਪੂ ਜੀ ਵਿਛੋੜਾ ਦੇ ਗਏ

'ਸੂਰਾ' ਦੇ ਹਰਮਨ ਪਿਆਰੇ ਲੇਖਕ ਕੈਪਟਿਨ ਸਵਰਨ ਸਿੰਘ ਜੀ ਦੇ ਨਰੋਏ ਤੇ ਖੋਜ-ਪੂਰਤ ਲੇਖ ਇਤਿਹਾਸ ਵਿਚ ਜਿੰਦ ਪਾ ਦਿੰਦੇ ਹਨ। ਆਪ ਜੀ ਨੂੰ ਆਪਣੇ ਸਨਮਾਨ ਯੋਗ ਪਿਤਾ ਜੀ ਵਲੋਂ ਇਤਿਹਾਸ ਵਲ ਪ੍ਰੇਰਨਾ ਲਈ ਬੜੀ ਹਲਾਸ਼ੇਰੀ ਤੇ ਪ੍ਰੇਰਨਾ ਮਿਲਦੀ ਰਹਿੰਦੀ ਸੀ।

ਕੈਪਟਿਨ ਸਾਹਿਬ ਜੀ ਦੇ ਪਿਆਰੇ ਬਾਪੂ ਜੀ ਬਚਪਨ ਤੋਂ ਅੰਮ੍ਰਿਤਧਾਰੀ ਗੁਰਸਿਖ ਸਨ ਅਤੇ ਗੁਰਸਿਖੀ ਵਾਲੇ ਇਹ ਸੰਸਕਾਰ ਅੰਤ ਵੇਲੇ ਤਕ ਉਨ੍ਹਾਂ ਦੇ ਅੰਦਰ ਪਰਪੱਕ ਰਹੇ। ਗੁਰਸਿਖੀ ਰਹਿਤ ਬਹਿਤ ਨੂੰ ਹਰ ਕੀਮਤ ਤੇ ਕਾਇਮ ਰਖਣਾ ਲੋਚਦੇ ਸਨ। ਯ. ਪੀ. ਵਾਲੇ ਫ਼ਾਰਮ ਦੀ ਆਪ ਜੀ ਦੇਖ-ਰੇਖ ਕਰਦੇ ਹੋਏ, ਉਥੇ ਹੀ ਦਿਲ ਦੀ ਧੜਕਣ ਬੰਦ ਹੋ ਜਾਣ ਨਾਲ ੨੯-੪-੮੬ ਨੂੰ ਅਕਾਲ ਚਲਾਣਾ ਕਰ ਗਏ। ਅਰਦਾਸ ਹੈ, ਸਤਿਗੁਰੂ ਜੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਕੈਪਟਿਨ ਸਾਹਿਬ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪਰਦਾਨ ਕਰਨ।

ਅਨੰਦਪੁਰ ਸਾਹਿਬ ਵਿਖੇ ਗੁਆਚਾ ਵੀ. ਡੀ. ਓ. ਕੈਮਰਾ ਭਾਈ ਪਰਮਜੀਤ ਸਿੰਘ, ਖ਼ਾਲਸਾ ਪੁਸਤਕ ਭੰਡਾਰ, ਪਟਿਆਲਾ ਨੇ ਮਾਲਕਾਂ ਨੂੰ ਸਦ ਕੇ ਉਨ੍ਹਾਂ ਨੂੰ ਦੇ ਦਿਤਾ ਹੈ। ਧੰਨਵਾਦ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨-੬-੮੬ ਨੂੰ ਪ੍ਰਕਾਸ਼ਤ ਕੀਤਾ

ਟੈਲੀਫ਼ੋਨ : ੫੧੮੪੭ ਘਰ : ੪੩੦੯੪



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ

# ਸੂਰਾ


ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ) ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦
ਅਮਾਨਤੀ ਲਾਈਫ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੦ ਜੂਨ ੧੯੯੬ ਅੰਕ ੬


## ਗੁਰ ਅਰਜਨ ਵਿਟਹੁ ਕੁਰਬਾਣੀ

[1]ਰਹਿਦੇ ਗੁਰੁ ਦਰੀਆਉ ਵਿਚਿ, [2]ਮੀਨ ਕੁਲੀਨ [3]ਹੇਤੁ ਨਿਰਬਾਣੀ[4] ॥
[5]ਦਰਸਨੁ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ ॥
[6]ਸਬਦੁ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ ॥
[7]ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ ॥
ਗੁਰ ਉਪਦੇਸੁ ਨ ਵਿਸਰੈ, [8]ਬਾਬੀਹੇ ਜਿਉ ਆਖ ਵਖਾਣੀ ॥
ਗੁਰਮੁਖ ਸੁਖ ਫਲੁ ਪਿਰਮ ਰਸੁ, ਸਹਜ ਸਮਾਧਿ ਸਾਧ ਸੰਗਿ ਜਾਣੀ ॥
ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥

[ਭਾਈ ਗੁਰਦਾਸ ਜੀ, ਵਾਰ ੨੪

੧. ਗੁਰੂ (ਰਾਮਦਾਸ ਜੀ) ਰੂਪੀ ਦਰਿਆ (ਦੇ ਚਰਨਾਂ) ਵਿਚ ਜੁੜੇ ਰਹਿੰਦੇ ਹਨ। ੨. (ਦਰਿਆ ਵਿਚ ਨਿਵਾਸ ਕਰਨ ਵਾਲੀ) ਉਚੀ ਕੁਲ ਵਾਲੀ ਮੱਛੀ। ੩. ਪ੍ਰੇਮ, ਪ੍ਰੀਤ। ੪. ਤਿਆਗੀ, ਵੈਰਾਗਵਾਨ। ੫. ਜਿਵੇਂ ਪਤੰਗਾ ਜੋਤ ਦੇ ਦਰਸ਼ਨਾਂ ਵਿਚ। ੬. ਜਿਵੇਂ ਘੰਡੇ ਹੇੜੇ ਦੇ ਨਾਦ ਦੀ ਧੁਨੀ ਵਿਚ ਹਿਰਨ ਮਸਤ ਹੋਇਆ ਖਿਚਿਆ ਜਾਂਦਾ ਹੈ ਤਿਵੇਂ ਸ਼ਬਦ-ਸੁਰਤ ਵਿਚ ਲਿਵਲੀਨ ਹੋਏ ਗੁਰੂ ਅਰਜਨ ਦੇਵ ਜੀ। ੭. ਜਿਵੇਂ ਕੌਲ ਫੁਲ ਦੀ ਸੁਗੰਧੀ ਵਿਚ ਭੌਰਾ ਲਿਪਟ ਕੇ। ੮. ਜਿਵੇਂ ਪਪੀਹਾ ਸਵਾਂਤੀ ਬੂੰਦ ਲਈ 'ਪ੍ਰਿਉ ਪ੍ਰਿਉ' ਦੀ ਰਟ ਲਾਈ ਰਖਦਾ ਹੈ।




www.AKJ.Org

# ਸਰਬੱਗ ਪੁਰਖਾਂ ਦਾ ਸ਼ਹੀਦੀ ਸਾਕਾ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨਾ ਅਸੀਂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦੇ ਪਾਏ ਤੱਤ ਸ਼ਹੀਦੀ ਪੂਰਨਿਆਂ ਦੀ ਤਹਿ ਨੂੰ ਪੁਜ ਸਕਦੇ ਹਾਂ ਅਤੇ ਨਾ ਉਕਤ ਸ਼ਹੀਦੀ ਦੇ ਤਤ-ਆਦਰਸ਼ ਦਾ ਅਨੁਮਾਨ ਲਾ ਸਕਦੇ ਹਾਂ। ਐਵੇਂ ਲੋਕੀ ਆਪੋ ਆਪਣੀਆਂ ਅਕਲਾਂ ਦੇ ਲਖਣ ਲਾ ਲਾ ਕੇ ਲੇਖ ਲਿਖਣ ਦਾ ਦਿਲ-ਪਰਚਾਵਾ ਕਰਦੇ ਹਨ। ਅਸਾਨੂੰ ਤਾਂ ਉਸ ਅੱਤ ਉੱਚੀ ਦਰਗਾਹ ਵਾਲੇ ਸਤਿਗੁਰੂ ਦੀ ਸ਼ਹੀਦੀ ਸ਼ਾਨ ਵਿਚ ਕੁਝ ਲਿਖਣ ਦਾ ਹੀਆ ਨਹੀਂ ਪੈਂਦਾ। ਨਾ ਹੀ ਕੁਛ ਅਉੜਦਾ ਹੈ। ਉਹਨਾਂ ਦੇ ਚਰਨਾਂ ਵਿਚ ਚੁੱਭੀ ਮਾਰ ਕੇ ਜੇ ਇਕ ਅਕਸ ਮਾਤਰ ਭੀ ਉਚੇ ਚੜ੍ਹੀਏ ਤਾਂ ਸਾਨੂੰ ਆਮ ਇਨਸਾਨਾਂ ਵਾਲੀਆਂ, ਆਮ ਦੀਨੀ ਦੁਨਿਆਵੀ ਸ਼ਹੀਦਾਂ ਵਾਲੀਆਂ ਸ਼ਹੀਦੀਆਂ ਬਹੁਤ ਹੀ ਨੀਵੀਆਂ ਪਰਤੀਤ ਹੁੰਦੀਆਂ ਹਨ। ਅਸੀਂ ਅਲਪੱਗ ਸੰਸਾਰੀ ਜੀਵ ਆਪਣੇ ਹੀ ਵਹਿਣਾਂ ਵਿਚ ਰੁੜ੍ਹ ਕੇ ਇਸ ਸ਼ਹੀਦੀ ਖ਼ਿਆਲ ਉਪਰ ਭਾਂਤੋ-ਭਾਂਤੀ ਮਨ-ਖ਼ਿਆਲੇ ਹਾਸ਼ੀਏ ਚਾੜ੍ਹਦੇ ਹਾਂ। ਵਾਸਤਵ ਵਿਚ ਦੁਨੀਆ ਦੂਜਿਆਂ ਦੇ ਮਰਸੀਏ ਪੜ੍ਹਿ ਪੜ੍ਹਿ ਆਪੋ ਆਪਣੇ ਦੁਖ ਰੋਂਦੀ ਹੈ ਅਤੇ ਕੀਰਨੇ ਪਾ ਪਾ ਕੇ ਦਸਦੀ ਹੈ ਕਿ ਅਸੀਂ ਹੀ ਮਰਜੀਵਿਆਂ ਦੇ ਪੂਰੇ ਰਾਜ਼-ਸ਼ਨਾਸ ਹਾਂ।

ਦੁਖ ਸੁਖ ਰਹਿਤ ਬ੍ਰਹਮ ਗਿਆਨੀ ਸਤਿਗੁਰੂ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਲੋਕਾਂ ਦੀਆਂ ਨਜ਼ਰਾਂ ਵਿਚਿ ਸਹਿਮਨਾਕ ਸਾਕਾ ਦ੍ਰਿਸ਼ਟਾਉਣ ਨੂੰ ਆਮ ਲੇਖਕ ਬੜੇ ਬੜੇ ਦਰਦਨਾਕ ਲੇਖ ਲਿਖਦੇ ਹਨ ਅਤੇ ਪੰਜ-ਭੂਤਕ ਦੇਹੀ ਦੇ ਕਾਰਨ ਦੁਖਾਂ ਦਾ ਨਕਸ਼ਾ ਬੰਨ੍ਹਿ ਬੰਨ੍ਹਿ ਹੀ ਲੇਖ-ਪੜ੍ਹਾਕੂਆਂ ਦੇ ਦਿਲਾਂ ਨੂੰ ਦ੍ਰਵੀਭੂਤ ਕਰਾਉਂਦੇ ਹਨ। ਪਰ ਓਥੇ ਦੁਖ-ਕਲੇਸ਼ਾਂ ਦੀ ਤੱਤੀ ਵਾਉ ਨਹੀਂ ਲਗ ਸਕਦੀ, ਜਿਥੇ ਪੂਰਨ ਬ੍ਰਹਮ ਪਾਰਬ੍ਰਹਮ ਅਕਾਲ ਮੂਰਤੀ ਨਿਰੰਕਾਰੀ ਅਕਾਰ ਹੋਵੇ। ਸਤਿਗੁਰੂ ਦੇ ਸਰੀਰ ਉਤੇ ਛਾਲੇ ਕੀ ਪੈਣੇ ਸੀ, ਇਹ ਅਸਾਡੇ ਹੀ ਦਿਲ ਦੇ ਫਫੋਲੇ ਅਸਾਡੇ ਦਿਲ ਦੀ ਅੱਗ ਨਾਲ ਜਲ ਉਠਦੇ ਹਨ। ਸਾਨੂੰ ਤਾਂ ਗੁਰਬਾਣੀ ਇਹ ਦ੍ਰਿੜ੍ਹਾਉਂਦੀ ਹੈ ਕਿ ਜਿਨ੍ਹਾਂ ਦੇ ਜੀਅੜੇ ਹੀਅੜੇ ਅੰਦਰਿ ਗੁਰੂ ਕਾ ਗਾਰੜ ਮੰਤ੍ਰੀ ਸ਼ਬਦ ਬਚਨ ਬਸਿਆ ਹੈ, ਉਹ ਜਨ ਨਾ ਹੀ ਜਲ ਵਿਚ ਡੁਬ ਸਕਦੇ ਹਨ ਅਤੇ ਨਾ ਹੀ ਅੱਗ ਵਿਚਿ ਸੜ ਸਕਦੇ ਹਨ ਅਤੇ ਉਹਨਾਂ ਦੇ ਸਰੀਰਾਂ ਨੂੰ ਤੱਤੇ ਤਵਿਆਂ ਦਾ ਤਾਉ ਅਤੇ ਉਬਲਦੀਆਂ ਦੇਗਾਂ ਦਾ ਦਗਾਉ ਪੋਹ ਨਹੀਂ ਸਕਦਾ। ਤੇਲ ਦੇ ਤੱਤੇ ਕੜਾਹੇ ਵਿਚਿ ਤਲੀਂਦੇ ਮਰਦਾਨੇ ਨੂੰ ਕਿਸ ਚੀਜ਼ ਨੇ ਉਭਾਰਿਆ? ਗੁਰੂ ਕੇ ਸ਼ਬਦ ਨੇ। ਇਕ ਛਾਲਾ ਭੀ ਪੈਣ ਨਹੀਂ ਦਿਤਾ, ਸਗੋਂ ਤੱਤਾ ਕੜਾਹਾ ਹੀ ਠੰਢਾ ਪੈ ਗਿਆ। ਗੁਰੂ ਨਾਨਕ ਸਾਹਿਬ ਨਿਰੰਕਾਰੀ ਨੇ ਇਹ ਚਲਤ ਰਚਾ ਕੇ ਸਗੋਂ ਕੌਡੇ ਰਾਕਸ਼ ਨੂੰ ਪ੍ਰਾਸਚਿਤ-ਅਗਨੀ ਵਿਚ ਤਲਿਆ ਅਤੇ ਫੇਰ ਤਾਉ ਤੇ ਤਾਉ ਦੇ ਕੇ ਉਸ ਦੇ ਕੋਟ-ਕੋਟੰਤਰੀ ਪਾਪਾਂ ਅਘਾਂ ਨੂੰ ਪ੍ਰਚੰਡ ਕ੍ਰਿਸ਼ਮਾਇਣੀ ਰਸਾਇਣ ਦੁਆਰਾ ਦਘਧ ਕੀਤਾ।

ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਚਲਤ ਆਪਣੇ ਸਰੀਰ ਉਪਰ ਹੀ ਆਪ ਵਰਤਾਏ। ਉਹਨਾਂ ਦੀ ਉਸਨ-ਸੀਤ ਰਹਿਤ ਦੇਹੀ ਨੂੰ ਦੁਸ਼ਟ ਪਾਪੀਆਂ ਦੇ ਦਿਤੇ ਅਗਨ-ਦਾਹ-ਤਸੀਹਿਆਂ ਦਾ ਦਾਗ ਵੀ ਨਹੀਂ ਲਗਾ, ਸਗੋਂ ਦੁਸ਼ਟ ਰਾਜ ਦੀ ਜੜ੍ਹ-ਮੇਖ ਦਾਗੀ ਦਾਹੀ ਗਈ।

ਇਕੋ ਜੋਤਿ-ਜੁਗਤਿ ਦੇ ਮਾਲਕ ਤੇਜ-ਪੁੰਜ ਗੁਰੂ, ਕੀ ਆਪਣੇ ਸਰੀਰ ਉਪਰੋਂ ਇਹ ਸਾਕਾ ਨਹੀਂ ਟਾਲ ਸਕਦੇ ਸਨ, ਜਿਨ੍ਹਾਂ ਨੇ ਮਰਦਾਨੇ ਦੇ ਸਰੀਰ ਨੂੰ ਦਾਹ ਸਾਕੇ ਦੇ ਸੇਕ ਤੋਂ ਬਚਾਇਆ? ਪਰ ਇਸ ਅਦੁਤੀ ਅਹੂਤੀ ਦਿਤੇ ਬਾਝੋਂ ਦੁਖਤ ਪਰਜਾ ਦੇ ਦਾਹ ਨਹੀਂ ਮਿਟ ਸਕਦੇ ਸਨ ਅਤੇ ਦੁਸ਼ਟ ਰਾਜ ਦੇ ਬਿਨਾਸ ਕਾਲ ਦਾ ਬਾਨ੍ਹਣੂ ਨਹੀਂ ਬਝ ਸਕਦਾ ਸੀ। ਏਸ ਇਲਾਹੀ ਰਮਜ਼ ਨੂੰ ਆਮ ਇਨਸਾਨੀ ਅਕਲ ਅਤੇ ਦਿਮਾਗੀ ਫ਼ਿਲਾਸਫ਼ੀ ਕੀ ਸਮਝ ਸਕਦੀ ਹੈ ਕਿ ਮਹਾਂ ਪੁਰਸ਼ਾਂ ਦੀ ਕੁਰਬਾਨੀ ਦੁਆਰਾ ਜ਼ੁਲਮ ਅਤੇ ਜ਼ਾਲਮਾਂ ਦਾ ਕਿਵੇਂ ਕਾਫ਼ੀਆ ਤੰਗ ਹੁੰਦਾ ਹੈ ਅਤੇ ਜ਼ੁਲਮੀ ਰਾਜ ਦਾ ਬਿਨਾਸ਼ ਹੋ ਜਾਂਦਾ ਹੈ ਅਤੇ ਕਿਵੇਂ ਮਜ਼ਲੂਮਾਂ ਦੀ ਜ਼ੁਲਮ ਤੋਂ ਨਿਜਾਤ ਤੇ ਬੰਦ-ਖਲਾਸ ਹੁੰਦੀ ਹੈ। ਇਹੋ ਤਾਂ ਰਮਜ਼ ਹੈ ਜਿਸ ਨੂੰ ਸੰਸਾਰੀ ਸਿਆਣੇ ਸਮਝ ਨਹੀਂ ਸਕਦੇ ਅਤੇ ਇਸ ਤੋਂ ਵਧ ਕੇ ਹੋਰ ਖ਼ਬਰੇ ਕਿਤਨੇ ਕੁ ਰਾਜ਼-ਨਿਆਜ਼ੀ ਗੁਪਤ ਭੇਦ ਮਹਾਂ ਪੁਰਸ਼ਾਂ ਦੀਆਂ ਸ਼ਹਾਦਤਾਂ ਦੇ ਹੋਣਗੇ, ਜਿਨ੍ਹਾਂ ਨੂੰ ਅਸੀਂ ਅਨੁਮਾਨ ਅੰਦਰਿ ਵੀ ਨਹੀਂ ਲਿਆ ਸਕਦੇ। ਤਾਂ ਤੇ ਮਸ਼ਟ ਮਗਨ ਰਹਿਣਾ ਹੀ ਉਚਿਤ ਹੈ। ਇਥੇ ਡੀਂਗ ਮਾਰਨ ਦੀ ਨਹੀਂ ਜਾਇ ਵੇ ਅੜਿਆ।

['ਗੁਰਮਤਿ ਲੇਖ' ਪੁਸਤਕ ਵਿਚੋਂ

www.AKJ.Org

# ਬਾਰੰ ਬਾਰ ਬਾਰ ਪ੍ਰਭੁ ਜਪੀਐ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਾਰੀ ਗੁਰਬਾਣੀ ਦਾ ਤਤਸਾਰ ਨਾਮ ਵਾਲੀ ਇਕੋ ਗੱਲ ਨੂੰ ਦ੍ਰਿੜ੍ਹਾਉਣਾ ਹੈ, ਪਰ ਅਸੀਂ ਬਾਣੀ ਦਾ ਪਾਠ ਕਰਦੇ ਹੀ ਨਹੀਂ, ਕਰਦੇ ਹਾਂ ਤਾਂ ਉਪਰ ਦੀ ਲੰਘ ਜਾਂਦੇ ਹਾਂ। ਜੇ ਕਿਤੇ ਅਟਕਦੇ ਹਾਂ ਤਾਂ ਆਪੋ ਆਪਣੀਆਂ ਮਨ ਦੀਆਂ ਮਤਾਂ ਅਤੇ ਫੋਕਟ ਸਿਆਣਪਾਂ ਨਾਲ ਗੁਰਬਾਣੀ ਨੂੰ ਵੀਚਾਰਦੇ ਹਾਂ। ਸਹਿਸ ਸਿਆਣਫੀ ਵਿਚਾਰ, ਅਲਪੱਗ ਵਿਚਾਰ ਦੁਆਰਾ ਗੁਰਬਾਣੀ, ਧੁਰ ਕੀ ਬਾਣੀ, ਧੁਰ ਤੋਂ ਆਏ ਅਤੇ ਧੁਰ ਪਹੁੰਚੇ ਹੋਏ ਸਰਬੱਗ ਗੁਰੂ ਸਾਹਿਬਾਨ ਦੀ ਬਾਣੀ ਨਹੀਂ ਵਿਚਾਰੀ ਜਾ ਸਕਦੀ। ਸਗੋਂ ਏਹਨਾਂ ਮਨੋ ਮਨੀ ਅਲਪੱਗ ਵਿਚਾਰਾਂ ਨਾਲ ਗੁਰਬਾਣੀ ਦੇ ਤੱਤ-ਆਸ਼ੇ ਤੋਂ ਐਨ ਉਲਟ ਤਾਤਪਰਜ ਨਿਕਲੇ ਹਨ। ਗੁਰਬਾਣੀ ਕਹਿੰਦੀ ਹੈ ਨਾਮ ਜਪੋ, ਅਲਪੱਗ ਵਿਚਾਰ ਵਾਲੀ ਮਤਿ ਨਾਮ ਜਪਣ ਦੇ ਮਾਅਨੇ ਹੀ ਉਲਟੇ ਲੈਂਦੀ ਹੈ। ਚਤਰ ਬੁੱਧੀ ਆਖਦੀ ਹੈ ਕਿ ਬਾਰੰਬਾਰ ਇਕੋ ਲਫ਼ਜ਼ ਨੂੰ ਦੁਹਰਾਈ ਜਾਣਾ ਕਮਲਿਆਂ ਵਾਲੀ ਕਾਰ ਹੈ। ਹਾਂ ਜੀ, ਅਜਿਹੀਆਂ ਬੁਧ-ਮਤਾਂ ਗੁਰੂ ਸਾਹਿਬ ਦੇ ਅਜਿਹੇ ਵਾਕਾਂ ਵਿਚ—

ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥੬॥(੧੭)

ਗਉੜੀ ਸੁਖਮਨੀ ਮ: ੫, ਪੰਨਾ ੨੬੮

ਦਸੀ ਕਮਾਈ ਨੂੰ ਕਮਲਿਆਂ ਵਾਲੀ ਕਾਰ ਸਮਝਦੀਆਂ ਹਨ। ਇਸ ਦੇ ਦੂਜੇ ਅਰਥ ਇਹ ਹਨ ਕਿ ਓਹ ਅਜਿਹੇ ਵਾਕ ਉਚਾਰਨਹਾਰੇ ਗੁਰੂ ਸਾਹਿਬਾਨ ਨੂੰ ਕਮਲੇ ਸਮਝਦੇ ਹਨ। ਅਸੀਂ ਨਾਮ-ਧ੍ਰੀਕ ਸਿਖ ਕਈ ਵਾਰ ਅਨਮਤੀਆਂ ਉਤੇ ਇਹ ਗਿਲਾ ਕਰਿਆ ਕਰਦੇ ਹਾਂ ਕਿ ਅਨਮਤੀ ਅਤੇ ਆਮ ਸੰਸਾਰੀ, ਗੁਰੂ ਨਾਨਕ ਸਾਹਿਬ ਨੂੰ ਕੁਰਾਹੀਆ ਕਹਿਣ ਦੀ ਕੁਮੱਤ ਪਾਮਰਤਾ ਕਰਦੇ ਹਨ। ਕਿਉਂ ਜੀ, ਸਿਖ ਹੋ ਕੇ ਗੁਰੂ ਸਾਹਿਬ ਨੂੰ ਕਮਲਾ ਸਮਝਣ ਵਾਲੀ ਕੁਮੱਤ ਕਿੰਨੀ ਕੁ ਪਾਮਰਤਾ ਪੂਰਨ ਹੈ ? ਕੀ ਅਨਮਤੀਆਂ ਦੀ ਕੁਮੱਤ ਤੋਂ ਕੁਛ ਘਟ ਨਿੰਦਣਯੋਗ ਇਹ ਅਸਾਡੀ ਕੁਮੱਤ ਹੈ ਕਿ ਗੁਰੂ ਸਾਹਿਬ ਤਾਂ ਬਾਰੰਬਾਰ ਏਹੀ ਉਪਦੇਸ਼ ਦ੍ਰਿੜ੍ਹਾਉਣ ਕਿ 'ਨਾਮ ਜਪੋ' 'ਨਾਮ ਜਪੋ' ਅਤੇ ਅਸੀਂ ਉਨ੍ਹਾਂ ਦੇ ਸਿੱਖ ਸਦਾ ਕੇ ਗੁਰੂ ਸਾਹਿਬ ਦੇ ਇਸ ਉਪਦੇਸ਼ ਨੂੰ ਟਿੱਚ ਕਰ ਕੇ ਜਾਣੀਏ ਅਤੇ ਇਸ ਸਿੱਧੇ ਪੱਧਰੇ ਸਪੱਸ਼ਟ ਗੁਰ-ਹੁਕਮ, 'ਨਾਮ ਜਪੋ' ਵਾਲੇ ਗੁਰ-ਹੁਕਮ ਉਤੇ ਆਪਣੀ ਮਨ ਦੀ ਮੱਤ ਦੇ ਹਾਸ਼ੀਏ ਚਾੜ੍ਹੀਏ ਅਤੇ ਹਾਸ਼ੀਏ ਚਾੜ੍ਹ ਚਾੜ੍ਹ ਆਖੀਏ— ਬੱਕਰੀ ਵਾਂਗ ਮੂੰਹ ਮਾਰਨ ਦਾ ਕੀ ਫ਼ਾਇਦਾ !

ਪਾਠਕ ਜਨ ਜੀ ! ਮਾਫ਼ ਰੱਖਣਾ, ਅਸੀਂ ਕਈ ਅਖੌਤੀ ਗਿਆਨੀ ਇਹ ਕਹਿੰਦੇ ਸੁਣੇ ਹਨ ਕਿ 'ਨਾਮ ਜਪਣਾ' ਬੱਕਰੀ ਵਾਂਗ ਮੂੰਹ ਮਾਰਨਾ ਹੈ। ਤੁਸੀਂ ਭੀ ਕਈ ਟੀਕੇ ਏਸ ਭਾਵ ਦੇਦੇ ਖੇ ਪੜ੍ਹੇ ਹੋਣਗੇ। ਉਹ ਆਂਹਦੇ ਨੇ, ਬਾਣੀ ਨੂੰ ਵਿਚਾਰੋ, ਬਸ ਇਕ ਵਾਰ ਵਿਚਾਰੋ ਅਤੇ ਵਿਚਾਰ ਕੇ ਅਮਲ ਕਰੋ। ਬਾਰੰਬਾਰ ਬਾਣੀ ਨੂੰ ਪੜ੍ਹਨ ਦੀ ਕੀ ਲੋੜ ਹੈ ਅਤੇ ਨਾਮ ਰਟਣ ਦਾ ਕੀ ਫ਼ਾਇਦਾ ਹੈ ? ਹਾਂ, ਬਾਣੀ ਨੂੰ ਵਿਚਾਰ ਕੇ ਸਤਿਗੁਰ-ਬਚਨਾਂ ਨੂੰ ਵਿਚਾਰ ਕੇ, ਤਿਨ੍ਹਾਂ ਬਚਨਾਂ ਤੇ ਅਮਲ ਕਰਨ ਵਾਲੀ ਗੱਲ ਅਜਿਹੇ ਗਿਆਨੀ ਫ਼ਿਲਾਸਫ਼ਰਾਂ ਦੀ ਠੀਕ ਹੈ, ਪਰ ਕੀ ਓਹ ਨਹੀਂ ਜਾਣਦੇ ਕਿ ਗੁਰਬਾਣੀ ਦਾ ਸੱਚਾ ਵੀਚਾਰ ਅਤੇ ਗੁਰ-ਬਚਨਾਂ ਉਤੇ ਅਮਲ ਕਰਨਾ ਕੀ ਹੈ ? ਲਓ, ਸਤਿਗੁਰੂ ਜੀ ਆਪ ਹੀ ਦੱਸਦੇ ਹਨ, ਗੁਰਬਾਣੀ ਆਪ ਹੀ ਦੱਸਦੀ ਹੈ—

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥...੧॥ (੪॥੨੬॥੯੬)

ਸਿਰੀਰਾਗੁ ਮ: ੫, ਪੰਨਾ ੫੨

ਭਾਵ, ਸਤਿਗੁਰ ਬਚਨਾਂ ਦਾ ਕਮਾਵਣਾ ਹੀ ਸੱਚਾ ਵੀਚਾਰ ਹੈ। ਸਤਿਗੁਰ ਬਚਨਾਂ ਦਾ ਕਮਾਵਣਾ ਕੀ ਹੈ ? ਜੋ ਗੁਰਬਾਣੀ ਕਹਿੰਦੀ ਹੈ, ਹੁਕਮ ਦੇਂਦੀ ਹੈ, ਉਸ ਗੱਲ ਨੂੰ ਕਮਾਵਣਾ। ਉਸ ਉਤੇ ਅਮਲ ਕਰਨਾ, ਜੋ ਕੁਛ ਕਿ ਗੁਰਬਾਣੀ ਕਰਨ ਲਈ ਹੁਕਮ ਦੇਂਦੀ ਹੈ। ਪਰ ਗੁਰਬਾਣੀ ਦਾ ਹੁਕਮ ਕੀ ਹੈ ? ਗੁਰਬਾਣੀ ਦਾ ਤੱਤ ਫ਼ੁਰਮਾਨ ਕੀ ਹੈ ? ਗੁਰਬਾਣੀ ਰੂਪੀ ਗੁਰ-ਬਚਨਾਂ ਦਾ ਤੱਤਸਾਰ ਕੀ ਹੈ ? ਗੁਰਬਾਣੀ ਅਥਵਾ ਗੁਰਬਾਣੀ ਰੂਪੀ ਗੁਰੂ ਕੇ ਬਚਨਾਂ ਦਾ



www.AKJ.Org

ਬਾਰੰਬਾਰ ਇਹੋ ਹੁਕਮ ਦ੍ਰਿੜ੍ਹਾਵਣਾ ਹੈ ਕਿ ਨਾਮ ਜਪੋ, ਨਾਮ ਜਪੋ । ਇਹ ਕੋਈ ਗੁੱਝੀ ਛਿੰਨੀ ਗੱਲ ਨਹੀਂ । ਸਿੱਧੇ ਪੱਧਰੇ ਆਮ-ਫ਼ਹਿਮ ਪੰਜਾਬੀ ਦੇ ਅੱਖਰਾਂ ਵਿਚ ਗੁਰਬਾਣੀ ਇਹੋ ਕਹਿੰਦੀ ਹੈ, ਇਹੋ ਹੁਕਮ ਦੇਂਦੀ ਹੈ ਕਿ ਨਾਮ ਜਪੋ, ਸੁਆਸ ਸੁਆਸ ਨਾਮ ਜਪੋ, ਖਿਨ ਖਿਨ ਨਾਮ ਜਪੋ । ਇਹ ਗੁਰਬਾਣੀ ਦਾ ਤੱਤਸਾਰ ਹੁਕਮ ਹੈ ਅਤੇ ਸਪੱਸ਼ਟ ਸਿੱਟੇ ਵਾਲਾ ਹੁਕਮ ਹੈ. ਇਸ ਵਿਚ ਵਿੰਗ-ਵਲ ਕੁਛ ਨਹੀਂ । ਜਦ ਅਸੀਂ ਗੁਰਬਾਣੀ ਦਾ ਇਹ ਤੱਤ ਹੁਕਮ, ਹੁਕਮਾਂ ਸਿਰ ਹੁਕਮ, ਸਿੱਟੇ ਦਾ ਤੱਤ ਆਦਰਸ਼ੀ ਹੁਕਮ ਨਹੀਂ ਮੰਨਦੇ ਤਾਂ ਅਸਾਡੀ ਹੋਰ ਵਿਚਾਰ ਕਿਸ ਲੇਖੇ ! ਸੱਚਾ ਗਿਆਨ ਵੀਚਾਰ ਤਾਂ ਗੁਰਬਾਣੀ ਦੇ ਏਹਨਾਂ ਹੁਕਮਾਂ ਪਦਾਂ ਵਿਚ ਹੀ ਵਿਦਮਾਨ ਹੈ ਕਿ 'ਸਤਿਗੁਰ ਬਚਨ ਕਮਾਵਣੇ' ਰੂਪੀ ਗੁਰ-ਹੁਕਮ ਨੂੰ ਮੰਨਣਾ ਗੁਰਸਿਖ ਦਾ ਪਰਮ ਧਰਮ ਹੈ। ਜੇਕਰ ਅਸੀਂ ਏਸ ਹੁਕਮ ਨੂੰ ਮੰਨਦੇ ਹਾਂ ਤਾਂ ਅਸੀਂ ਇਸ ਹੁਕਮਾਂ ਸਿਰ ਹੁਕਮ, ਮੁਖ ਹੁਕਮ ਉੱਪਰ ਅਮਲ ਕਰਦੇ ਹਾਂ, ਤਾਂ ਅਸਾਡਾ ਐਸਾ ਕਰਨਾ ਸੱਚਾ ਵੀਚਾਰ ਹੈ। ਗੁਰ-ਹੁਕਮਾਂ ਨੂੰ ਕਮਾਵਣਾ ਹੀ ਸੱਚਾ ਗਿਆਨ ਵੀਚਾਰ ਹੈ । ਹੋਰ ਗਿਆਨ ਅਤੇ ਸੁਸ਼ਕ ਵੀਚਾਰ ਗੁਰਸਿਖਾਂ ਦੇ ਕਿਸੇ ਕੰਮ ਨਹੀਂ। ਬਸ, ਜੋ ਗੁਰਬਾਣੀ ਕਹਿੰਦੀ ਹੈ ਅਤੇ ਕਹੀ ਜਾਂਦੀ ਹੈ ਜਾਂ ਬਾਰੰਬਾਰ ਹੁਕਮ ਦੇਈ ਜਾਂਦੀ ਹੈ, ਉਸ ਉਤੇ ਅਮਲ ਕਰਨਾ, ਉਸਨੂੰ ਕਮਾਵਣਾ ਹੀ ਸੱਚਾ ਗੁਰਮਤਿ ਗਿਆਨ ਵਿਚਾਰ ਹੈ । ਤਦੇ ਗੁਰੂ ਸਾਹਿਬ ਗੁਰਸਿਖਾਂ ਪ੍ਰਤੀ ਸੱਚਾ ਗਿਆਨ ਦ੍ਰਿੜ੍ਹਾਵਣ ਹਿਤ ਇਸ ਪ੍ਰਕਾਰ ਹੁਕਮ ਦਿੰਦੇ ਹਨ :—

ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥ਰਹਾਉ॥ (੪॥੫॥) ਮਲਾਰ ਮ: ੪, ਪੰਨਾ ੧੨੬੪

ਗੁਰਮਤਿ ਗਿਆਨੀਆਂ ਪ੍ਰਤੀ ਇਹੋ ਤੱਤ ਹੁਕਮੁ ਹੈ ਗੁਰੂ ਸਾਹਿਬ ਦਾ ਕਿ:—"ਹਰਿ ਬੋਲਹੁ ਦਿਨੁ ਰਾਤਿ ॥" ਗਿਆਨੀਆਂ ਨੂੰ ਸਨਮੁਖ ਸੰਬੋਧਨ ਕਰ ਕੇ ਗੁਰੂ ਸਾਹਿਬ ਬਚਨ ਰੂਪ ਗੁਰ-ਹੁਕਮ ਉਚਾਰਦੇ ਹਨ:—"ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥" ਅਰਥਾਤ, ਦਿਨ ਰਾਤਿ ਸੁਆਸ ਸੁਆਸ ਨਾਮ ਜਪੋ । ਇਸ ਹੁਕਮ ਦੇ ਮੰਨਣ ਕਰਿ ਹੀ ਗੁਰਮਤਿ ਅੰਦਰ ਕੋਈ ਪ੍ਰਾਣੀ ਗਿਆਨੀ ਕਹਾ ਸਕਦਾ ਹੈ, ਐਵੇਂ ਨਹੀਂ । ਸ਼ੁਸ਼ਕ ਵਿਚਾਰ-ਗਿਆਨੀ ਫ਼ਿਲਾਸਫ਼ਰ ਗੁਰੂ ਸਾਹਿਬ ਦੇ ਮੁਕਾਬਲੇ ਤੇ ਏਸ ਗੱਲ ਦੇ ਕਹਿਣ ਦਾ ਕੀ ਦਮ ਮਾਰ ਸਕਦੇ ਹਨ ਕਿ ਬਾਰੰਬਾਰ ਨਾਮ ਜਪਣਾ ਬੇ-ਅਰਥ ਅਤੇ ਬੇ-ਫ਼ਾਇਦਾ ਹੈ। ਦੇਖੋ ਗੁਰੂ ਸਾਹਿਬ ਕੈਸਾ ਸਪੱਸ਼ਟ ਹੁਕਮ ਦਿੰਦੇ ਹਨ। ਯਥਾ ਗੁਰਵਾਕ :—

ਹਰਿ ਸਿਮਰਤਿ ਸਭ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ।੧॥
ਉਚਰਹੁ ਰਾਮਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ਰਹਾਉ॥(੭੫॥੧੪੧)
ਗਉੜੀ ਮ: ੫, ਪੰਨਾ ੧੯੪

ਤਥਾ— ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥
ਸੁਖਮਨੀ ਸਾਹਿਬ, ਪੰਨਾ ੨੮੬

ਪੁਨਾ— ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥੩੨॥ [ਜਪੁਜੀ

ਪੁਨਾ— ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥
ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥੧॥ ਸਿਰੀਰਾਗੁ ਮ: ੩, ਪੰਨਾ ੨੯
ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥
ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥੧॥ਰਹਾਉ॥ (੪॥੭॥੭੭)
ਸਿਰੀਰਾਗੁ ਮ: ੫, ਪੰਨਾ ੪੪

ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ ॥
ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥੩॥ (੪॥੧੩॥੮੩)
ਸਿਰੀਰਾਗੁ ਮ: ੫, ਪੰਨਾ ੪੭



www.AKJ.Org

ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥
ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ ॥
ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ ॥ (੪॥੧੨॥੮੨)
ਸਿਰੀਰਾਗੁ ਮ: ੫, ਪੰਨਾ ੪੬

ਗਗਾ ਗੋਬਿੰਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥
ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ ॥ (੧੯) ਗਉੜੀ ਬਾਵਨ ਅਖਰੀ, ਪੰਨਾ ੨੫੪
ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮੁ ॥
ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ ॥੨॥(੧੦) ਗਉੜੀ ਕੀ ਵਾਰ, ਪੰਨਾ ੩੨੦
ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥
ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥੨॥ (੪॥੬॥੪੫)
ਆਸਾ ਮ: ੫, ਪੰਨਾ ੩੯੨

ਉਦਾਹਰਣ ਮਾਤਰ ਏਤਨੇ ਹੀ ਗੁਰ-ਪ੍ਰਮਾਣ ਬਥੇਰੇ ਹਨ, ਨਹੀਂ ਤਾਂ ਅਜਿਹੇ ਗੁਰਪ੍ਰਮਾਣਾਂ ਨਾਲ ਸਾਰੀ ਹੀ ਗੁਰਬਾਣੀ ਪੂਰਤ ਹੈ, ਜਿਨ੍ਹਾਂ ਤੋਂ ਕਿ ਬਾਰੰਬਾਰ ਖਿਨ ਖਿਨ ਪਲ ਪਲ ਸੁਆਸ ਸੁਆਸ ਨਾਮ ਜਪਣ ਦਾ ਤਾਕੀਦੀ ਹੁਕਮ, ਤੱਤ ਹੁਕਮ ਸਪੱਸ਼ਟ ਸਿਧ ਹੁੰਦਾ ਹੈ। ਸੋ ਗੁਰਮਤਿ ਦਾ ਤੱਤ ਗਿਆਨ ਅਤੇ ਸਤਿ ਵੀਚਾਰ ਨਾਮ ਜਪਣ, ਬਾਰੰਬਾਰ ਨਾਮ ਜਪਣ ਦਾ ਗੁਰ-ਹੁਕਮ ਕਮਾਵਣਾ ਹੈ। "ਗੁਰ ਪ੍ਰਸਾਦਿ ਨਾਨਕੁ ਬਖਾਨੈ ਹਰਿ ਭਜਨੁ ਤਤੁ ਗਿਆਨੁ"* ਵਾਲਾ ਗੁਰਵਾਕ ਸਪੱਸ਼ਟ ਨਿਰਣੈ ਕਰਾਉਂਦਾ ਹੈ ਕਿ 'ਹਰਿ-ਭਜਨ' ਹੀ ਗੁਰਮਤਿ ਅੰਦਰ ਤੱਤ ਗਿਆਨ ਕਰਕੇ ਮੰਨਿਆ ਗਿਆ ਹੈ। ਇਸ ਤੋਂ ਕਉਣ ਮੁਨਕਰ ਹੋ ਸਕਦਾ ਹੈ ? ਜੋ ਗੁਰੂ ਕਾ ਸਿਖ ਨਹੀਂ, ਗੁਰੂ ਕਾ ਹੁਕਮੀ ਬੰਦਾ ਸਿਖ ਨਹੀਂ। ਗੁਰ ਕਾ ਸਿਖ ਹੈ ਹੀ ਸੋ, ਜੋ ਗੁਰੂ ਕੇ ਭਾਣੇ ਵਿਚ ਆਵੈ। ਗੁਰੂ ਕਾ ਭਾਣਾ ਸੋ ਹੈ ਜੋ ਗੁਰੂ ਨੂੰ ਭਾਵੇ। ਗੁਰੂ ਨੂੰ ਇਹੋ ਭਾਵੰਦਾ ਹੈ ਕਿ ਗੁਰੂ ਕਾ ਸਿਖ 'ਨਾਮ ਜਪਣ' ਰੂਪੀ ਗੁਰੂ ਕਾ ਮੁਖ ਹੁਕਮ ਕਮਾਵੈ। ਤਾਂ ਤੇ ਗੁਰੂ ਕਾ ਹੁਕਮ ਹੀ ਗੁਰੂ ਕਾ ਭਾਣਾ ਹੈ, ਤਾਂਹੀ ਤੇ ਗੁਰਵਾਕ ਹੈ :—

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥...੧॥ (੪੬)
ਸੋਰਠਿ ਮ: ੩, ਪੰਨਾ ੬੦੧-੨

ਸੋ ਗੁਰੂ ਕਾ ਭਾਣਾ, ਹੁਕਮ, ਤੱਤ ਹੁਕਮ, ਹੁਕਮਾਂ ਸਿਰ ਹੁਕਮ ਤਾਂ ਨਾਮ ਜਪਣਾ ਹੈ। ਏਸ ਹੁਕਮ ਤੋਂ ਉਲਟ ਜੋ ਆਪਣੇ ਭਾਣੇ, ਆਪਣੇ ਮਨ ਦੀ ਮਤਿ ਦੇ ਮਗਰ ਲਗ ਕੇ ਚਲਦੇ ਹਨ ਸੋ ਮਨਮੁਖ ਹਨ, ਗੁਰੂ ਦੇ ਹੁਕਮਾਂ ਤੋਂ ਬੇਮੁਖ ਹਨ। ਉਹਨਾਂ ਦੇ ਸਿਰ ਉਪਰ "ਵਿਛੁੜਿ ਚੋਟਾ" ਖਾਣ ਵਾਲਾ ਡੰਡ ਕਰਾਰਾ ਹੈ। ਜੋ ਗੁਰੂ ਕੇ ਹੁਕਮੀ ਬੰਦੇ ਗੁਰਮੁਖ ਸਿਖ ਸੁਜਨ ਹਨ ਸੋ ਆਪਣੇ ਮਨ ਦੀ ਮਤ ਤਿਆਗ ਕੇ ਗੁਰੂ ਕੇ ਭਾਣੇ ਅੰਦਰ ਆਉਂਦੇ ਹਨ। ਅਰਥਾਤ, ਗੁਰੂ ਕਾ ਹੁਕਮ ਕਮਾਉਂਦੇ ਹਨ, ਗੁਰ ਕੀ ਕਾਰ ਕਮਾਉਂਦੇ ਹਨ। ਗੁਰੂ ਕੀ ਕਾਰ, ਗੁਰੂ ਕਾ ਭਾਣਾ, ਦੇਖੋ ਇਸ ਗੁਰ-ਹੁਕਮ ਰੂਪੀ ਗੁਰਵਾਕ ਵਿਚ ਕੈਸਾ ਸਪੱਸ਼ਟ ਹੈ, ਯਥਾ ਗੁਰਵਾਕ :—

ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ਰਹਾਉ॥ (੮॥੩॥੨੦)
ਸਿਰੀਰਾਗ ਮ: ੩, ਪੰਨਾ ੬੬

ਤਾਂ ਤੇ ਅਨਦਿਨ ਨਾਮ ਵਿਚ ਰਚੇ ਰਹਿਣਾ, ਭਾਵ ਦਿਨ ਰਾਤ ਸਾਸ ਗਿਰਾਸ, ਨਿਮਖ ਨਿਮਖ ਨਾਮ ਜਪਣ

*ਮਾਰੂ ਮ: ੫, (੨॥੧॥੨੪) ਪੰਨਾ ੧੦੦੬



www.AKJ.Org

ਵਾਲੀ ਕਾਰ ਵਿਚ ਲਗੇ ਰਹਿਣਾ ਇਹੋ ਗੁਰੂ ਕੇ ਭਾਣੇ ਵਿਚ ਚਲਣਾ ਅਤੇ ਗੁਰੂ ਕਾ ਸੱਚਾ ਹੁਕਮ ਮੰਨਣਾ ਹੈ । ਗੁਰਮਤਿ ਗਿਆਨੀ ਦੀ ਕਾਰ ਨਿਰੀ ਸ਼ੁਸ਼ਕ ਵਿਚਾਰ ਵਾਲੀ ਨਹੀਂ, ਬਲਕਿ ਨਾਮ ਸਿਮਰਨ ਵਾਲੇ ਸੱਚੇ ਗੁਰ-ਹੁਕਮ ਦੀ ਤਾਮੀਲ ਹੈ। ਦੇਖੋ ਸੱਚੇ ਗੁਰਮਤਿ ਗਿਆਨੀ ਦੀ ਗੁਰਮਤਿ ਤਾਅਰੀਫ਼ ਕੀ ਹੈ, ਯਥਾ ਗੁਰਵਾਕ :–

ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥੨॥ (੪॥੩੫॥੪੮)

ਭੈਰਉ ਮ: ੫, ਪੰਨਾ ੧੧੫੦

ਸੱਚੀ ਗੁਰਮਤਿ ਬੁਧਿ ਬਿਬੇਕ, ਸੱਚਾ ਗੁਰਮਤਿ ਗਿਆਨ, ਹਰੀ ਨਾਮ ਸਿਮਰਨ ਰੂਪੀ ਸੱਚਾ ਧਨ ਸਿੰਚਨ ਕਰਨਾ ਹੀ ਹੈ। ਇਸ ਤੋਂ ਭਿੰਨ ਜੋ ਸੁੰਞ ਗਿਆਨ ਅਤੇ ਚੁੰਚ ਫ਼ਿਲਾਸਫ਼ੀਆਂ ਹਨ, ਤਿਨ੍ਹਾਂ ਦਾ ਗੁਰਮਤਿ ਅੰਦਰ ਵਿਧਾਨ ਨਹੀਂ । ਨਾਮ ਰੂਪੀ ਸੱਚੇ ਨਿਧਾਨ (ਖ਼ਜ਼ਾਨੇ) ਨੂੰ ਸਿੰਚਨ ਕਰਾਉਣਹਾਰੀ ਅਤੇ ਦ੍ਰਿੜ੍ਹਾਉਣ-ਹਾਰੀ ਗੁਰਮਤਿ ਮੱਤ ਹੀ ਗੁਰਮਤਿ ਫ਼ਿਲਾਸਫ਼ੀ ਹੈ। ਨਾਮ ਤੋਂ ਬੇਮੁਖ ਕਰਾਉਣਹਾਰੀ ਕਿਸੇ ਮੱਤ ਕੁਮੱਤ ਨੂੰ ਗੁਰਮਤਿ ਫ਼ਿਲਾਸਫ਼ੀ ਕਹਿਣਾ ਅਤੇ ਅਜਿਹੀ ਕੁਮੱਤ-ਮਤੜੀਆਂ ਭਰੀ ਕਿਸੇ ਪੁਸਤਕ ਨੂੰ ਗੁਰਮਤਿ ਫ਼ਿਲਾਸਫ਼ੀ ਦਾ ਖ਼ਜ਼ਾਨਾ ਕਹਿਣਾ ਨਿਰੀ ਹਮਾਕਤ ਅਤੇ ਕੁਸਮਝ, ਹੈ ਜੋ ਕੁਮੱਤ-ਮੱਤੜੀ ਗੁਰਮਤਿ ਨਾਮ ਤੋਂ ਮੁਨਹਰਫ਼ ਕਰਾਵੇ, ਤਿਸ ਕੁਮੱਤੜੀਆਂ-ਭਰੀ-ਪੁਸਤਕ ਨੂੰ ਪੜ੍ਹਨਾ ਸੁਣਨਾ ਗੁਰਮਤਿ ਤੋਂ ਗੁਮਰਾਹ ਹੋਣਾ ਹੈ। ਗੁਰਮਤਿ ਨਾਮ ਦੇ ਦ੍ਰਿੜ੍ਹਾਵਨਹਾਰੇ ਸੁਲੇਖ ਲੇਖਾਂ ਨੂੰ ਇਹ ਆਖਣਾ ਕਿ ਫ਼ੀ ਜ਼ਮਾਨਾ ਏਹਨਾਂ ਦੀ ਅੱਜ ਕਲ੍ਹ ਲੋੜ ਨਹੀਂ, ਮਹਾਂ ਅਗਿਆਨ ਭਰੀ ਕਜ-ਫ਼ਹਿਮੀ ਹੈ। ਦੇਖਹੁ ਹੇਠ ਲਿਖਿਆ ਗੁਰ-ਫ਼ੁਰਮਾਨ ਇਸ ਪ੍ਰਥਾਇ ਕੈਸਾ ਸੱਚ ਨਿਤਾਰਦਾ ਹੈ, ਯਥਾ ਗੁਰਵਾਕ :–

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥
ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥੧॥ਰਹਾਉ॥
ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿਨਾਮਾ ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਣਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਣਾ ॥੩॥
ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥

[ਬਿਲਾਵਲੁ ਮ: ੩, ਪੰਨਾ ੭੯੭-੯੮

ਦੇਖਿਆ ! ਇਸ ਗੁਰਵਾਕ ਨੇ ਕੈਸਾ ਸੱਚ ਨਿਆਉਂ-ਨਿਬੇੜਾ ਕੀਤਾ ਹੈ। ਕਈ ਫ਼ਿਲਾਸਫ਼ਰ ਕਹਿੰਦੇ ਹਨ, ਫ਼ੀ ਜ਼ਮਾਨਾ ਨਾਮ ਦੀ ਲੋੜ ਨਹੀਂ, ਨਾਮ-ਮਹਿਮਾ ਪ੍ਰਗਟਾਉਣ ਦ੍ਰਿੜ੍ਹਾਉਣ ਦੀ ਲੋੜ ਨਹੀਂ । ਇਸ ਪਰਪੰਚ ਵਿਖੇ ਵਡਿਆਈ ਅਤੇ ਮਹਿਮਾ ਹੀ ਸੱਚੇ ਨਾਮ ਦੀ ਹੈ। ਐਸਾ ਫ਼ੁਰਮਾਨ ਸਤਿਗੁਰੂ ਸਾਹਿਬ ਹੀ ਫ਼ੁਰਮਾਉਂਦੇ ਹਨ। ਸਤਿਗੁਰੂ ਦੇ ਇਸ ਫ਼ੁਰਮਾਨ ਦੇ ਅੱਗੇ ਨਾਮ ਤੋਂ ਉਲਟ ਬੋਹਤਾਨ (ਬਹੁ-ਗਿਣਤੀ) ਕੀ ਹੈਸੀਅਤ ਰਖਦੇ ਹਨ ? ਐਸਾ ਹੀ ਹੈ ਅਤੇ ਹੋਇ ਵਰਤਣਾ ਹੈ ਜੈਸਾ ਕਿ ਉਪਰ ਸਤਿਗੁਰੂ ਸਾਹਿਬ ਨੇ ਫ਼ੁਰਮਾਇਆ ਹੈ। ਇਸ ਤੋਂ ਉਲਟ "ਮਤੁ ਕੋ ਧਰਹੁ ਗੁਮਾਨਾ", ਕੋਈ ਕੂੜਾ ਗੁਮਾਨ ਮਤ ਕਰੇ ।

ਜਿਸ ਵਡਭਾਗੇ ਗੁਰਮੁਖ ਨੂੰ ਸਤਿਗੁਰੂ ਦੀ ਮਤਿ ਆਈ ਹੈ, ਉਹ ਸਤਿਗੁਰੂ ਦੀ ਰਜ਼ਾ ਵਿਚ ਸਮਾਇਆ ਜਾਣਾ ਆਪਣਾ ਸੁਭਾਗ ਸਮਝਦਾ ਹੈ। ਸਤਿਗੁਰ ਦੀ ਰਜ਼ਾਇ ਵਿਚ ਸਮਾਉਣਾ ਹੀ ਦਰ-ਹਕੀਕਤ ਸਤਿਗੁਰ ਮਾਂਹਿ ਸਮਾਉਣਾ ਹੈ। ਸਤਿਗੁਰੂ ਦੀ ਪਰਮ ਤੱਤ ਰਜ਼ਾ ਨਾਮ ਵਿਚ ਲੀਨ ਹੋਣਾ ਹੈ। ਤਾਂ ਤੇ ਨਾਮ ਵਿਖੇ ਲੀਨਤਾ ਹੀ ਸਤਿਗੁਰ ਮਾਂਹਿ ਜੋਤੀ ਜੋਤਿ ਸਮਾਉਣਾ ਹੈ ਅਤੇ ਜੀਉਂਦੇ-ਜੀ ਸਮਾਇ ਜਾਣਾ ਅਤੇ ਸਰੀਰ ਤਿਆਗ ਕੇ ਭੀ ਸਮਾਇ



www.AKJ.Org

ਰਹਿਣਾ ਹੈ। ਜਿਸ ਨੂੰ ਮਨ ਬਚ ਕ੍ਰਮ ਕਰਕੇ ਗੁਰਬਾਣੀ ਉਤੇ ਸ਼ਰਧਾ-ਭਾਵਨਾ ਆਈ ਹੈ, ਤਿਸ ਦੇ, ਕੇਵਲ ਤਿਸ ਦੇ ਅੰਤਰਿ ਹੀ (ਰੋਮ ਰੋਮ ਵਿਖੇ) ਗੁਰਮਤਿ ਨਾਮੁ ਰਮਿਆ ਹੈ। ਵਾਹ ਕੈਸਾ ਭਰਮ-ਨਿਵਾਰੀ-ਗੁਰਵਾਕ ਹੈ :—"ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ"। ਚਹੁ ਜਗਾਂ ਦਾ ਹੁਣੇ ਇਸ ਜੁਗ ਅੰਦਰ ਫ਼ੀ-ਜ਼ਮਾਨਾ ਹੀ ਨਿਬੇੜਾ ਹੋਣਾ ਹੈ, ਕਿਉਂਕਿ ਏਸੇ ਜੁਗ ਜ਼ਮਾਨੇ ਅੰਦਰ ਹੀ ਸਾਰੇ ਜੁਗਾਂ ਦਾ ਨਿਬੇੜਾ ਕਰਨ ਲਈ, ਇਸ ਜੁਗ ਸਮੇਤ ਸਾਰੇ ਜੁਗਾਂ ਦਾ ਨਿਸਤਾਰਾ ਕਰਨ ਲਈ ਗੁਰੂ ਸਤਿਗੁਰ ਸੱਚੇ ਵੈਦ, ਗੁਰੂ ਗੁਰ ਨਾਨਕ ਸਾਹਿਬ ਦੇ ਦੁਆਰਿਓਂ ਨਰ ਮਨੁੱਖਾਂ ਨੂੰ ਇਕੋ ਨਿਧਾਨ, ਨਾਮ ਰੂਪੀ ਸੱਚਾ ਨਿਧਾਨ ਮਿਲਿਆ ਹੈ।

ਸੋ ਜਿਨ੍ਹਾਂ ਗੁਰਮੁਖਾਂ ਇਸ ਸੱਚੇ ਨਾਮ-ਨਿਧਾਨ ਨੂੰ ਸੰਚਿਆ ਹੈ (ਜਪਿਆ, ਧਿਆਇਆ ਹੈ ਨਾਮ ਨੂੰ), ਸੋ ਜਗ ਵਿਖੇ, ਇਸ ਸੰਸਾਰ ਅੰਦਰਿ ਸੇਈ ਗੁਰਮੁਖ ਜਨ ਹੀ ਪੂਰੇ ਉਤਰਦੇ ਹਨ; ਅਤੇ ਦਰ-ਪਰਵਾਨ ਪਏ ਹਨ। ਤਾਂ ਤੇ ਗੁਰਮਤਿ ਨਾਮ, ਸੱਚੇ ਨਾਮ ਨੂੰ ਕਹਿਣ ਸੁਨਣ ਅਤੇ ਕਮਾਉਣਹਾਰੇ ਸਭੇ ਹੀ ਸੁਖ ਧਾਮ ਨੂੰ ਪ੍ਰਾਪਤ ਹੋਣਗੇ ਅਤੇ ਸੱਚੇ ਨਿਧਾਨ ਦੇ ਧਨੀ ਬਣਨਗੇ। ਨਾਮ-ਧਰੀਕ ਸਿਖਾਂ ਨੂੰ ਨਾਮ ਦ੍ਰਿੜ੍ਹ ਨਾ ਹੋਣ ਦਾ ਅਸਲ ਕਾਰਨ ਇਹ ਹੈ ਕਿ ਉਨ੍ਹਾਂ ਦੀ "ਇਹ ਬਾਣੀ ਜੋ ਜੀਅਹੁ ਜਾਣੈ" ਦੇ ਗੁਰਵਾਕ ਭਾਵ ਵਾਲੀ ਸ਼ਰਧਾ-ਭਾਵਨੀ ਨਹੀਂ ਹੋਈ। ਜੇ ਹੋ ਜਾਵੇ ਅਤੇ ਅਜਿਹੀ ਸ਼ਰਧਾ-ਭਾਵਨੀ ਆ ਜਾਵੇ ਤਾਂ ਉਨ੍ਹਾਂ ਦੇ ਰਿਦੰਤਰਿ ਨਾਮ ਜ਼ਰੂਰ ਦ੍ਰਿੜ੍ਹ ਹੋ ਜਾਵੇ ਅਤੇ ਉਹ ਤੱਤਪਰ ਹੋ ਕੇ ਨਾਮ ਨੂੰ ਜਪਣ ਲਗ ਜਾਣ।

ਗਿਆਨ ਵਿਚਾਰ ਦੇ ਗੁਮਾਨੀ ਲੋਕ, ਬਹੁਤੀਆਂ ਅਕਲਾਂ ਵਾਲੇ ਪੜ੍ਹਾਕੂ ਅਕਲੱਈਆਂ ਦੀ ਸ਼ਰਧਾ ਨਾਮ ਜਪਣ ਵਾਲੀ ਗੱਲ ਤੇ ਠਹਿਰਦੀ ਨਹੀਂ। ਓਹ ਨਾਮ ਜਪਣ ਨੂੰ ਇਕ ਕਮਲੀ ਜਿਹੀ ਅਤੇ ਫੋਕੀ ਅਤੇ ਸੌਖੀ ਸਧਾਰਨ ਗੱਲ ਸਮਝਦੇ ਹਨ, ਜੋ ਗਿਆਨ ਦੇ ਮਹੱਤ ਤੋਂ ਓਹਨਾਂ ਨੂੰ ਬਹੁਤ ਨੀਵੀਂ ਭਾਸਦੀ ਹੈ। ਏਸ ਕਰਕੇ ਓਹ ਇਕਦਮ ਟੀਸੀ ਦੀਆਂ ਗੱਲਾਂ ਸੋਚਣ ਚਿਤਵਣ ਲਗ ਪੈਂਦੇ ਹਨ ਅਤੇ ਨਾਮ ਨੂੰ ਟੀਸੀ ਦੀ ਉੱਚੀ ਸੋਚ ਵਿਚਾਰ ਵਿਚ ਲੈ ਜਾਣਾ ਹੀ ਗੁਰਮਤਿ ਦੀ ਗੌਰਵਤਾ ਸਮਝਦੇ ਹਨ। ਸਾਧਾਰਨ ਨਾਮ ਜਪਣ ਨੂੰ ਓਹ ਇਕ ਹੌਲੀ ਹਲਕੀ ਜਿਹੀ ਗੱਲ ਸ਼ੁਮਾਰ ਕਰਦੇ ਹਨ। ਕਈ ਤਾਂ ਨਾਮ ਨੂੰ ਜਾਪ ਬਿਵਸਥਾ ਤੋਂ ਅਗਮ ਅਗੋਚਰ ਸਰਬ ਵਿਆਪਕ ਹੋਂਦ ਦੀ ਤਾਰੀਫ਼ ਵਿਚ ਵਿਆਪਤ ਕਰਦੇ ਹਨ ਅਤੇ ਕਈ ਸਤਿਨਾਮੀਏ ਗਿਆਨੀ ਗੁਣੀ ਨਾਮ ਬਿਵਸਥਾ ਨੂੰ ਸੁਰਤਿ-ਮੰਡਲਾਂ ਦੀਆਂ ਖੇਡਾਂ ਹੀ ਦਸਦੇ ਹਨ। ਓਹ ਕਹਿੰਦੇ ਹਨ ਜਦੋਂ ਸੁਰਤਿ-ਮੰਡਲ ਵਾਲੀ ਮੰਜ਼ਲ ਪ੍ਰਾਪਤ ਹੋਵੇਗੀ, ਓਦੋਂ ਇਹ ਅਗੰਮੀ ਨਾਮ ਆਪੇ ਸੁਣਨ ਲਗ ਪਵੇਗਾ ਅਤੇ ਓਦੋਂ ਹੀ ਜਗਿਆਸੂ ਦਾ ਧਿਆਨ ਨਾਮ ਧਿਆਉਣ ਵਿਚ ਜੁੜੇਗਾ ਅਤੇ ਓਦੋਂ ਹੀ ਓਸ ਅਗੰਮ ਅਗੋਚਰੀ ਨਾਮ ਦੇ ਸੁਣਨ ਮੰਨਣ ਨਿਧਿਆਸਨ ਦੀਆਂ ਸ਼ਕਤੀਆਂ ਪ੍ਰਫੁਲਤ ਹੋਣਗੀਆਂ।

ਅਸੀਂ ਅਜਿਹੇ ਸੁਰਤਿ-ਮੰਡਲੀਆਂ ਨੂੰ ਪੁਛਦੇ ਹਾਂ ਕਿ ਸੁਰਤਿ ਮੰਡਲ ਵਿਚ ਲੈ ਜਾਣ ਦੀ ਉਪਾਉ-ਜੁਗਤੀ ਯਾ ਪ੍ਰੀਸ਼ਰਮ-ਕਮਾਈ ਓਹਨਾਂ ਪਾਸ ਕਿਹੜੀ ਹੈ? ਓਹਨਾਂ ਦੀ ਅਨੁਮਾਨੀ ਅੰਤਰਿ ਆਤਮਕ ਅਨਭਵੀ ਮੰਜ਼ਲ ਨੂੰ ਪਹੁੰਚਣ ਵਾਸਤੇ ਕਿਹੜਾ ਅਮਲ ਅਭਿਆਸ ਹੈ? ਕੇਵਲ ਫ਼ਿਕਰ-ਸੋਚ (Imagination) ਨਾਲ ਹੀ ਓਹ ਉੱਚ ਬਿਵਸਥਾ ਨੂੰ ਪਹੁੰਚਿਆ ਲੋੜਦੇ ਹਨ? ਅਥਵਾ Meditation ਯਾ ਅੰਤਰਮੁਖਤਾ (Introspection) ਵਾਲੀ Positive attitude (ਉਸਾਰੂ ਵਤੀਰਾ) ਧਾਰਨ ਕਰ ਕੇ ਉਸ ਬ੍ਰਹਮ-ਕਲਾ ਦੇ ਪਦ ਨੂੰ ਪ੍ਰਾਪਤ ਕਰਿਆ ਮੰਨਦੇ ਹਨ? ਪਰ ਇਹ ਸਾਰੀਆਂ ਬਿਰਤੀਆਂ ਗੁਰਮਤਿ ਦੇ ਪ੍ਰਤਿਕੂਲ ਹਨ। "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ" ਅਤੇ "ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ"* ਵਾਲੇ ਗੁਰਵਾਕ ਹੀ ਇਸ ਮਨ-ਕਲਪਤ ਅਮਲ-ਅਭਿਆਸ ਦਾ ਖੰਡਨ ਕਰ ਦਿੰਦੇ ਹਨ। ਪਰਮ ਪਦ ਨੂੰ ਪਹੁੰਚਣ ਲਈ ਤਾਂ ਨਾਮ ਅਭਿਆਸ ਕਮਾਈ ਦੀ ਲੋੜ ਹੈ। ਅਲਪੱਗ ਮੱਤੜੀਆਂ ਦੇ ਮਨ-ਕਲਪਤ ਅਮਲ-ਅਭਿਆਸ ਜੇ ਕਾਫ਼ੀ ਹੁੰਦੇ ਤਾਂ ਸਰਬੱਗ ਸਤਿਗੁਰੂ ਨੂੰ ਨਾਮ-ਦਾਰੂ ਲਿਆਉਣ, ਵਰਤਣ ਵਰਤਾਣ ਦੀ ਕੀ ਲੋੜ ਸੀ? ਨਾਮ ਦੁਆਰਾ ਹੀ ਸੁਰਤੀਆਂ ਬਿਰਤੀਆਂ ਖੁਲ੍ਹਣੀਆਂ ਹਨ। ਅਗਮ-ਅਗੋਚਰੀ ਮੰਜ਼ਲਾਂ ਤੋੜੀ ਧੁਰ ਪਹੁੰਚਾਵਣ ਲਈ ਧੁਰ ਕੀ ਆਈ ਅਗਮ ਅਗੋਚਰੀ ਅਉਖਧੀ, ਹਾਂ ਜੀ ਗੁਰੂ ਨਾਨਕ ਸੱਚੇ ਵੈਦ ਦੀ ਰਾਹੀਂ ਧੁਰ ਤੋਂ ਆਈ ਅਮਰ-ਜੀਵਨੀ ਜੀਵਨ-ਬੂਟੀ ਹੀ ਗੁਣਕਾਰੀ ਹੈ।

*ਜਪੁਜੀ, ਪਉੜੀ ੧, ਪੰਨਾ ੧



www.AKJ.Org

ਅਸਲ ਗੱਲ ਇਹ ਹੈ ਕਿ ਆਮ ਜਗਿਆਸੂ ਇਸ ਜੀਵਨ-ਬੂਟੀ ਦੀ ਅੰਮ੍ਰਿਤ-ਕਲਾ ਤੋਂ ਉਕੇ ਹੀ ਅਸ਼ਰਧਕ ਹਨ, ਉਹਨਾਂ ਨੂੰ ਇਹ ਪਤੀਜ ਨਹੀਂ ਆਉਂਦੀ ਕਿ ਨਾਮ ਵਿਚ ਪਾਰਸ-ਕਲਾ ਹੈ। ਉਹ ਇਸ ਪਾਰਸ ਨੂੰ ਪਰਸਦੇ ਹੀ ਨਹੀਂ। ਪਰਸਣ ਤਾਂ ਜੇ ਉਨ੍ਹਾਂ ਨੂੰ ਨਾਮ ਦੇ ਪਾਰਸ਼ ਰੂਪ ਹੋਣ ਵਿਚ ਸ਼ਰਧਾ ਅਤੇ ਸੱਚਾ ਯਕੀਨ ਭਰੋਸਾ ਹੋਵੇ। ਪਾਰਸ ਪਰਸੇ ਬਿਨਾਂ ਜੇ ਕੋਈ ਲੋਹੇ ਨੂੰ ਸੋਨਾ ਬਣਾਉਣਾ ਲੋਚੇ ਤਾਂ ਕਦੇ ਮੁਮਕਿਨ ਨਹੀਂ। ਯਥਾ ਗੁਰਵਾਕ—

ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥ ਪੰਨਾ ੬੭੩

ਨਾਮ ਨੂੰ ਜਪਣਾ, ਨਾਮ ਦਾ ਅਭਿਆਸ ਕਰਨਾ ਨਾਮ ਰੂਪੀ ਪਾਰਸ ਨੂੰ ਪਰਸਣਾ ਹੈ। ਪਰ ਇਸ ਦੀ ਪਾਰਸ-ਕਲਾ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨੇ ਕਿ ਇਸ ਨੂੰ ਪਰਸਿਆ ਹੋਵੇ। ਪਰ ਇਹ ਐਸਾ ਪਾਰਸ ਹੈ ਜਿਸ ਨੂੰ ਖਿਨ ਖਿਨ ਪਰਸਣ ਦੀ ਲੋੜ ਹੈ। ਜਿਉਂ ਜਿਉਂ ਇਸ ਨੂੰ ਪਰਸੋਗੇ ਤਿਉਂ ਤਿਉਂ ਪਾਰਸ ਹੁੰਦੇ ਚਲੇ ਜਾਓਗੇ। ਪਾਰਸ-ਕਲਾ ਦੀਆਂ ਡਿਗਰੀਆਂ ਪਰੇ ਤੋਂ ਪਰੇ ਹਨ ਤੇ ਪਾਰਸ ਪਰਸਣ ਵਾਲਾ ਅਮਲ-ਅਭਿਆਸ ਭੀ ਪਰੇ ਤੋਂ ਪਰੇ ਹੈ। ਲੋਕ ਤਾਂ ਛੂ-ਮੰਤਰ ਕੀ ਛਾਈ ਹੀ ਲੋੜਦੇ ਹਨ, ਪਰ ਗੁਰੂ ਘਰ ਵਿਚ ਸਭ ਕੁਛ ਹੈ। ਅੰਮ੍ਰਿਤ ਨਾਮ ਪਾਰਸ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਿਸ ਅੰਮ੍ਰਿਤ ਅਧਿਕਾਰੀ ਸਿੱਖੀ ਦੇ ਜਗਿਆਸੂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਗੁਰਮੰਤ੍ਰ ਦੀ ਅਮਰ-ਜੀਵਨੀ-ਗੁੜ੍ਹਤੀ ਮਿਲ ਗਈ, ਉਸ ਦੇ ਅੰਤਰ-ਆਤਮੇ ਅੰਮ੍ਰਿਤ ਛਕਣ—ਸਾਰ ਅਤੇ ਅੰਮ੍ਰਿਤ—ਨਾਮ ਮਿਲਣ ਸਾਰ ਹੀ ਛਿਨਕ-ਮਾਤਰ ਵਿਚ ਪਾਰਸ-ਕਲਾ ਪਰਵੇਸ਼ ਹੋ ਜਾਂਵਦੀ ਹੈ। ਰਸ-ਜੋਤਿ-ਪ੍ਰਕਾਸ਼ ਵਾਲੀ ਬਿਵਸਥਾ ਕੇਵਲ ਇਸ ਅੰਮ੍ਰਿਤ-ਨਾਮ ਦੀ ਪਾਰਸ-ਕਲਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਜਿਉਂ ਜਿਉਂ ਨਾਮ ਅਭਿਆਸ ਕਮਾਈ ਹੋਵੇਗੀ, ਤਿਉਂ ਤਿਉਂ ਰਸ-ਜੋਤਿ-ਪ੍ਰਕਾਸ਼ ਕਣੀ ਦਾ ਵਿਗਾਸ ਵਧੇਰੇ ਤੋਂ ਵਧੇਰੇ ਹੁੰਦਾ ਚਲਾ ਜਾਏਗਾ। ਇਸ ਜੋਤਿ-ਪ੍ਰਕਾਸ਼ ਬਿਵਸਥਾ ਦੇ ਚੜ੍ਹਾਉ ਦਾ ਥਾਹ ਕੁਛ ਨਹੀਂ। ਪਰੇ ਤੋਂ ਪਰੇ ਹੈ। ਅਤੇ ਨਾਮ ਅਭਿਆਸ ਕਮਾਈ ਦੀ ਭੀ ਥਾਹ ਨਹੀਂ ਹੈ।

ਜਿਨ੍ਹਾਂ ਪੂਰਬ-ਅੰਕੂਰ ਕਰਮ-ਕਰੂਰੀ-ਜਨਾਂ ਉਤੇ ਅੰਮ੍ਰਿਤ ਛਕਣ ਸਮੇਂ ਉੱਪਰ ਲਿਖੇ ਅਨੁਸਾਰ ਤੱਤ ਕਾਲ ਹੀ ਰਸ-ਜੋਤਿ-ਪ੍ਰਕਾਸ਼ ਵਾਲੀ ਖੇਡ ਨਹੀਂ ਵਰਤਦੀ, ਪਸ ਨਾਮ ਗੁਰਮੰਤ੍ਰ ਦੀ ਦ੍ਰਿੜ੍ਹ ਪ੍ਰਾਪਤੀ ਹੋ ਜਾਂਦੀ ਹੈ, ਉਹ ਭੀ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਪ੍ਰਕਾਸ਼ ਵਾਲਾ ਜਲਵਾ ਦੇਖ ਸਕਦੇ ਹਨ। ਪਰ ਇਸ ਰਸ-ਜੋਤਿ-ਪ੍ਰਕਾਸ਼ ਦੇ ਜਲਵੇ ਵਾਲੀ ਭੀ ਅਕਥ ਕਥਾ ਹੈ। ਸੋ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਭਿਆਸੀ ਜਨ ਪਰ ਨਾਮ ਅਭਿਆਸ ਕਮਾਈ ਦੁਆਰਾ ਇਹ ਦਸ਼ਾ ਜ਼ਰੂਰ ਵਰਤਦੀ ਹੈ, ਕਿਉਂਕਿ ਨਾਮ ਵਿਚ ਪਾਰਸ-ਕਲਾ ਹੈ। ਜਿਉਂ ਜਿਉਂ ਇਸ ਨੂੰ ਪਰਸੋਗੇ; ਅਰਥਾਤ ਜਿਉਂ ਜਿਉਂ ਇਸ ਦੀ ਅਭਿਆਸ ਕਮਾਈ ਕਰੋਗੇ, ਤਿਉਂ ਤਿਉਂ ਇਸ ਦਾ ਪਾਰਸ-ਤਿਲਸਮੀ-ਮੁਅਜਜ਼ਾ (ਜਾਦੂ ਭਰੀ ਕਰਾਮਾਤ) ਵਰਤਦਾ ਜਾਣਾ ਹੈ।

ਲੋਕੀ ਕਹਿੰਦੇ ਹਨ ਕਿ ਬਥੇਰਾ ਬਾਣੀ ਪੜ੍ਹਦੇ ਹਾਂ, ਬਥੇਰਾ ਨਾਮ ਜਪਦੇ ਹਾਂ, ਕੁਛ ਨਹੀਂ ਬਣਦਾ, ਸਾਨੂੰ ਐਨੇ ਸਾਲ ਹੋ ਗਏ ਪਰ ਜੋ ਕੁਛ ਨਾਮ ਬਾਣੀ ਸੁਣਨ ਪੜ੍ਹਨ ਦਾ ਮਹਾਤਮ ਗੁਰਬਾਣੀ ਵਿਚ ਲਿਖਿਆ ਹੈ, ਉਸ ਬਿਵਸਥਾ ਵਾਲੀ ਘਟਨਾ ਨਹੀਂ ਘਟੀ। ਇਹ ਉਨ੍ਹਾਂ ਦਾ ਕਹਿਣਾ ਫ਼ਜ਼ੂਲ ਹੈ। ਯਾ ਤਾਂ ਉਨ੍ਹਾਂ ਨੂੰ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਅੰਮ੍ਰਿਤ ਛਕਣ ਦੀ ਬਿਧੀ ਅਤੇ ਗੁਰਮੰਤ੍ਰ ਦੀ ਪ੍ਰਾਪਤੀ ਨਹੀਂ ਹੋਈ, ਯਾ ਅੰਮ੍ਰਿਤ ਛਕਣ ਪਸਚਾਤ ਕੁਛ ਬਿਘਨ ਪੈ ਗਿਆ ਹੈ। ਇਹ ਗੱਲ ਪੱਕੀ ਹੈ ਕਿ ਨਿਗੁਰੇ ਪੁਰਸ਼ਾਂ ਨੂੰ, ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ, ਨਾਮ ਨਹੀਂ ਪ੍ਰਾਪਤ ਹੋ ਸਕਦਾ। ਨਾਮ ਦੀ ਪ੍ਰਾਪਤੀ ਪਿਛੋਂ ਨਾਮ ਦੀ ਕਮਾਈ (ਸਿਮਰਨ) ਗੁਰਬਾਣੀ ਦੀ ਅਤੇ ਕੇਵਲ ਗੁਰਬਾਣੀ ਦੀ ਕਮਾਈ ਉਨ੍ਹਾਂ ਦੀ ਰੂੰਗੇ ਮਾਤਰ ਹੀ ਹੁੰਦੀ ਹੈ, ਅਤੇ ਅੰਮ੍ਰਿਤ ਛਕ ਕੇ, ਨਾਮ ਪ੍ਰਾਪਤ ਕਰ ਕੇ ਭੀ ਬਹੁਤ ਸਾਰੇ ਜਗਿਆਸੂ ਐਸੇ ਹੁੰਦੇ ਹਨ ਕਿ ਜਿਨ੍ਹਾਂ ਨੂੰ ਅੰਮ੍ਰਿਤ ਛਕਣ ਸਮੇਂ ਨਾਮ-ਰਸ ਪ੍ਰਕਾਸ਼ਤ ਨਹੀਂ ਹੋਇਆ ਹੁੰਦਾ। ਤਾਂ ਤੇ ਓਹਨਾਂ ਦੀ ਨਾਮ ਦੀ ਅਤੇ ਬਾਣੀ ਦੀ ਕਮਾਈ ਬਹੁਤ ਥੋੜ੍ਹੀ ਹੁੰਦੀ ਹੈ। ਨਾਮ ਬਾਣੀ ਵਿਚ ਲਥ-ਪਥ ਹੋ ਕੇ ਜੁਟੇ ਬਿਨਾਂ ਤਾਂ "ਸੇਵਾ ਥੋਰੀ ਮਾਗਨੁ ਬਹੁਤਾ"* ਵਾਲੀ ਗੱਲ ਹੀ ਰਹਿ ਜਾਂਦੀ ਹੈ। ਜਿਸ ਪ੍ਰਕਾਰ ਕਿ ਮਾਇਆ ਦੇ

*ਸੂਹੀ ਮ: ੫, ਪੰਨਾ ੭੩੮



www.AKJ.Org

ਧੰਧ ਬੰਧ ਵਿਚ ਪ੍ਰਾਣੀ ਲਥ-ਪਥ ਅਤੇ ਲੰਪਟ ਰਹਿੰਦਾ ਹੈ, ਇਸ ਪ੍ਰਕਾਰ ਇਕ ਵਾਰ ਤਾਂ ਰਾਤ ਦਿਨ ਕਰਕੇ ਨਾਮ-ਕਮਾਈ ਵਿਚ ਜੁਟਣਾ ਪੈਂਦਾ ਹੈ। ਪਹਿਲੇ ਪਹਿਲ ਸਿਲ ਅਲੂਣੀ ਚੱਟਣੀ ਪੈਂਦੀ ਹੈ, ਜਦ ਤਾਈਂ ਕਿ ਨਾਮ ਦਾ ਰਸ ਨਹੀਂ ਆਉਂਦਾ । ਪਹਿਲਾਂ ਤਾਂ ਇਸ ਜੀਊੜੇ ਨੂੰ ਜਨਮ ਜਨਮ ਦੀ ਮੈਲ ਲਗੀ ਹੋਈ ਹੁੰਦੀ ਹੈ, ਫੇਰ ਏਸ ਜਨਮ ਵਿਚ ਆ ਕੇ ਭੀ ਮਸਾਂ ਪਾਸੰਗ ਮਾਤਰ ਹੀ ਇਸ ਦੀ ਕਮਾਈ ਹੁੰਦੀ ਹੈ। ਤਾਂ ਅਨਮਾਨ ਲਗਾ ਲਵੋ ਕਿ ਓਸ ਦਾ ਇਹ ਆਖਣਾ ਕੀ ਅਰਥ ਰਖਦਾ ਹੈ ਕਿ ਮੈਂ ਬੜੀ ਕਮਾਈ ਕੀਤੀ, ਬੜੀ ਬਾਣੀ ਪੜ੍ਹੀ ਸੁਣੀ, ਪਰ ਕਖ ਨਹੀਂ ਬਣਿਆ। ਇਹ ਉਸ ਦਾ ਆਖਣਾ ਗਲਤ ਅਤੇ ਕੋਰਾ ਝੂਠ ਹੈ। ਜਨਮ ਜਨਮ ਦੇ ਕੁਕਰਮਾਂ ਦੀ ਮੈਲ ਦੇ ਮੁਕਾਬਲੇ ਵਿਚ ਕਮਾਈ ਤਾਂ ਨਹੁੰ ਮਾਤਰ ਭੀ ਨਹੀਂ ਹੁੰਦੀ। ਸਮੇਂ ਦਾ ਦਸੌਂਧ ਭੀ ਨਹੀਂ ਲੇਖੇ ਲਗਦਾ ਨਾਮ ਬਾਣੀ ਦੀ ਕਮਾਈ ਵਿਚ, ਤਾਂ ਉਸ ਦਾ ਸ਼ੰਕਾ ਬਿਰਥਾ ਅਤੇ ਬਿਲਕੁਲ ਫ਼ਜ਼ੂਲ ਹੈ। ਵੈਦ-ਗੁਰੂ ਦੇ ਹੁਕਮ ਅਨੁਸਾਰ ਓਹ ਕਮਾਈ ਹੀ ਨਹੀਂ ਕਰਦਾ ਅਤੇ ਨਾ ਹੀ ਵੈਦ ਗੁਰੂ ਦੀ ਹਦਾਇਤ ਅਨੁਸਾਰ ਪੱਥ ਸੰਜਮ ਰਖਦਾ ਹੈ ਅਤੇ ਬਿਰਥਾ ਦੋਸ਼ ਨਾਮ ਬਾਣੀ ਨੂੰ ਦਿੰਦਾ ਹੈ। ਕੀ "ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨਾ ਬਿਰਥਾ ਜਾਇ"‡ ਦੇ ਗੁਰਵਾਕ ਅਨੁਸਾਰੀ ਹਦਾਇਤ ਉਤੇ ਓਹ ਪੂਰੀ ਵਰਤੋਂ ਕਰਦਾ ਹੈ ? ਕਦੇ ਨਹੀਂ । ਜੇ ਕਰੇ ਤਾਂ ਨਾਮ ਬਾਣੀ ਦੀ ਪਾਰਸ-ਕਲਾ ਜ਼ਰੂਰ ਵਰਤੇ :–

ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ ਕੈਸੇ ਮਿਟੇ ਰੋਗ ਸੁਖ ਸਹਜਿ ਸਮਾਈਐ ॥
ਗਾਏ ਸੁਨੈ ਆਖੇਂ ਮੀਚੇ ਪਾਈਐ ਨ ਪਰਮ ਪਦੁ ਗੁਰ ਉਪਦੇਸ ਗਹਿ ਜੌ ਲੌ ਨਾ ਕਮਾਈਐ ॥੪੩੯॥

ਭਾਈ ਗੁਰਦਾਸ ਜੀ, ਕਬਿਤ ਸਵਈਏ

ਵਾਲਾ ਭਾਈ ਗੁਰਦਾਸ ਜੀ ਦਾ ਭਾਵ ਬਿਲਕੁਲ ਸਤਿ ਹੈ। ਬਸ ! ਗੁਰ-ਉਪਦੇਸ਼ ਗਹਿ ਕਰ ਕੇ ਕਮਾਉਣ ਵਿਚ ਹੀ ਕਸਰ ਰਹਿ ਜਾਂਦੀ ਹੈ ! ਆਮ ਤੌਰ ਤੇ ਤਾਂ ਇਸ ਗੁਰ-ਉਪਦੇਸ਼ ਨੂੰ ਲੋਕੀ ਸਰਸਰੀ ਅਰਥਾਂ ਵਾਲਾ ਉਪਦੇਸ਼ ਹੀ ਸਮਝਦੇ ਹਨ, ਪਰ ਗੁਰਮਤਿ ਦਾ ਸੱਚਾ ਉਪਦੇਸ਼ ਕੀ ਹੈ ਅਤੇ ਉਸ ਉਤੇ ਅਮਲ ਕਰਨ ਦੀ ਪਾਰਸ-ਕਲਾ ਕੀ ਵਰਤਦੀ ਹੈ, ਓਹ ਇਸ ਇਕ ਗੁਰਵਾਕ ਪੰਗਤੀ ਵਿਚ ਬੜੀ ਅਸਚਰਜ ਸੁੰਦਰਤਾ ਸਹਿਤ ਗੁੰਫਤ ਹੈ। ਯਥਾ :–

ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥੧॥ (੪॥੧੭॥੮੭)

ਸਿਰੀਰਾਗੁ ਮ: ੫, ਪੰਨਾ ੪੮

ਭਾਵ ਨਾਮ ਜਪਣ ਰੂਪ ਸੱਚੇ ਹੁਕਮ ਉਪਦੇਸ਼ ਦੀ ਪਾਰਸ-ਕਮਾਈ ਦੇ ਤੁਫ਼ੈਲ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ।

'ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ

‡ ਬਿਹਾਗੜੇ ਕੀ ਵਾਰ (੨॥੧੯) ਪੰਨਾ ੫੫੬

---

# ਭਾਃ ਸਾਹਿਬ ਭਾਃ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੫੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ | ੧੫-੦੦ | ਸਚਖੰਡ ਦਰਸ਼ਨ ੧-੭੫ ਦਰਸ਼ਨ ਝਲਕਾਂ | ੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਵਾਹਿਗੁਰੂ ਸਿਮਰਨ | ੦-੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ? | ੩-੭੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ ? | ੦-੪੦ |
| ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |



www.AKJ.Org

# ਕਰਮੁ ਕਹਾਂ ਤੇ ਆਇਆ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ॥
ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ ॥੧॥
ਰਾਮ ਕੋਇ ਨ ਕਿਸ ਹੀ ਕੇਰਾ ॥ ਜੈਸੇ ਤਰਵਰਿ ਪੰਖਿ ਬਸੇਰਾ ॥੧॥ਰਹਾਉ॥
ਚੰਦੁ ਨ ਹੋਤਾ ਸੂਰੁ ਨ ਹੋਤਾ ਪਾਨੀ ਪਵਨੁ ਮਿਲਾਇਆ ॥
ਸਾਸਤੁ ਨ ਹੋਤਾਂ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ ॥੨॥
ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥
ਨਾਮਾ ਪ੍ਰਣਵੈ ਪਰਮੁ ਤਤੁ ਹੈ ਸਤਿਗੁਰ ਹੋਇ ਲਖਾਇਆ ॥੩॥੩॥

[ਰਾਮਕਲੀ ਨਾਮਦੇਵ ਜੀ, ਪੰਨਾ ੯੭੩

ਇਹ ਗੁਰਵਾਕ ਆਨਮਤਾਂ ਦੀ ਵਿਦਤਾਈ ਕਰਮ-ਕਾਂਡੀ ਸਾਕਾਰ ਅਤੇ ਸਰਗੁਣ ਪੂਜਾ ਬਿਬਰਜਤ ਕਰ ਕੇ, ਪਰਮ ਤੱਤ ਪ੍ਰਮੇਸ਼ਰ ਪ੍ਰਮਾਤਮਾ ਦੀ ਨਿਰਾਕਾਰ ਅਤੇ ਨਿਰਗੁਣ ਸਰੂਪਣੀ ਪੂਜਾ ਦ੍ਰਿੜਾਉਂਦਾ ਹੈ। ਭਾਵ-ਅਰਥ ਇਸ ਗੁਰਵਾਕ ਦਾ ਇਹ ਹੈ ਕਿ ਰਚਨਹਾਰ ਕਰਤਾਰ ਦੀ ਰਚਨਾ ਰਚੇ ਜਾਣ ਤੋਂ ਪਹਿਲਾਂ ਜਦੋਂ ਕੋਈ ਆਕਾਰ ਨਹੀਂ ਸੀ, ਤਦੋਂ ਨਾ ਸਾਕਾਰੀ ਕਾਂਇਆਂ ਜੀਵਾਂ-ਪ੍ਰਾਣੀਆਂ ਦੀ ਸੀ, ਕਿਉਂਕਿ ਪੰਜ ਤਤ ਭੀ ਓਦੋਂ ਨਹੀਂ ਸੀ ਬਣੇ। ਪੰਜਾਂ ਤਤਾਂ ਬਿਨਾਂ ਕਾਂਇਆਂ ਸਰੀਰ ਦੀ ਹੋਂਦ ਅਸੰਭਵ ਹੈ। ਤਾਂ, ਨਾ ਇਹ ਜੀਵ-ਪ੍ਰਾਣੀ ਸਨ, ਨਾ ਇਹਨਾਂ ਜੀਵਾਂ ਦੇ ਜਨਣਹਾਰੇ ਮਾਤਾ ਪਿਤਾ ਸਨ। ਇਹਨਾਂ ਜੀਵਾਂ ਅਤੇ ਜੀਵਾਂ ਦੇ ਜਨਣਹਾਰਿਆਂ ਦੇ ਸਾਕਾਰ ਆਕਾਰੀ ਸਰੂਪ ਕਾਂਇਆਂ ਬਿਨਾਂ ਕਰਮ ਕਰਨਹਾਰਾ ਭੀ ਕੋਈ ਨਹੀਂ ਸੀ, ਤਾਂ ਤੇ ਕਰਮ ਦਾ ਭੀ ਅਭਾਵ ਹੀ ਸੀ। ਜਦੋਂ ਅਸੀਂ ਤੁਸੀਂ ਕੋਈ ਭੀ ਨਹੀਂ ਸੀ, ਉਸ ਸਮੇਂ ਇਹ ਭੀ ਪਤਾ ਨਹੀਂ ਸੀ ਲਗਦਾ ਕਿ ਕਵਨ ਜੀਵ ਕਿਸ ਥਾਨ ਤੋਂ ਆਇਆ ਹੈ। ਤਾਂ ਤੇ, ਇਹ ਕਹਿਣਾ ਅਨੁਚਿਤ ਨਹੀਂ ਕਿ ਆਦਿ ਮੂਲ ਤੋਂ ਕੋਈ ਜੀਵ ਕਿਸੇ ਦਾ ਸਨਬੰਧੀ ਨਹੀਂ, ਕਿਸੇ ਦਾ ਕੋਈ ਕੁਛ ਨਹੀਂ ਲਗਦਾ। ਕੇਵਲ ਅਕਸ ਮਾਤ ਹੀ ਏਹਨਾਂ ਦਾ ਮੇਲ ਸੰਜੋਗ ਹੋ ਗਿਆ ਹੈ ਤੇ ਹੋ ਰਹਿਆ ਹੈ। ਜੈਸੇ ਐਧਰੋਂ ਓਧਰ ਆਏ ਪੰਛੀਆਂ ਦਾ ਬਿਰਛ ਤੇ ਬਸੇਰਾ ਹੋ ਜਾਂਦਾ ਹੈ।

ਜੇਕਰ ਇਉਂ ਕਹੋ ਕਿ ਕਰਮਾਂ ਦੇ ਪ੍ਰਭਾਵ ਕਰਕੇ ਇਹਨਾਂ ਜੀਵਾਂ ਦਾ ਪ੍ਰਸਪਰ ਸੰਜੋਗ-ਸੰਬੰਧ ਹੋ ਗਿਆ ਹੈ ਤਾਂ ਭੀ ਇਹ ਕਹਿਣਾ ਅਨੁਥਾ ਹੈ, ਕਿਉਂਕਿ ਜਦੋਂ ਅਜੇ ਰਚਨਾ ਹੀ ਨਹੀਂ ਰਚੀ ਗਈ ਸੀ, ਦੇਹ-ਆਕਾਰ ਹੀ ਨਹੀਂ ਬਣੇ ਸਨ, ਨਾ ਹੀ ਦੇਹ ਆਕਾਰ ਵਾਲੇ ਜਿਸਮੀ ਮੁਜੱਸਮ ਇਨਸਾਨ ਹੈਵਾਨ ਜੀਵ ਪ੍ਰਾਣੀ ਹੀ ਬਣੇ ਸਨ, ਤਾਂ ਕਰਮ ਕਿਥੋਂ ਆ ਗਿਆ ?-

ਇਸ ਸਾਰੀ ਰਚਨਾ ਤੋਂ ਪਹਿਲਾਂ ਜਦੋਂ ਸਭ ਤੋਂ ਬੜੇ ਦ੍ਰਿਸ਼ਟਮਾਨ ਜ਼ਮੀਨ ਅਸਮਾਨ ਚੰਦ ਸੂਰਜ ਹੀ ਨਹੀਂ ਸੀ ਬਣੇ ਅਤੇ ਨਾ ਹੀ ਪਵਨ ਪਾਣੀ ਆਦਿ ਪੰਜ ਤਤ ਬਣੇ ਸਨ, ਜਿਨ੍ਹਾਂ ਦੇ ਮੇਲ ਨਾਲ ਮਿਲਾਇਆ ਹੋਇਆ ਸਰੀਰ ਆਕਾਰ ਬਣਦਾ ਹੈ। ਅਜੇ ਪਵਨ ਪਾਣੀ ਆਦਿਕ ਪੰਜਾਂ ਤਤਾਂ ਦਾ ਮੇਲ ਹੀ ਨਹੀਂ ਮਿਲਾਇਆ ਗਿਆ ਸੀ। ਨਾ ਹੀ ਓਦੋਂ ਕੋਈ ਸ਼ਾਸਤਰ ਬਣਿਆ ਸੀ, ਨਾ ਕੋਈ ਬੇਦ ਬਣਿਆ ਸੀ, ਕਿਉਂਕਿ ਬੇਦਾਂ ਸ਼ਾਸਤਰਾਂ ਦੇ ਬਣਾਉਣ ਵਾਲੇ ਰਿਖੀਆਂ ਦੇ ਸਰੀਰਾਂ ਦੀ ਬਣਾਵਟ ਹੀ ਨਹੀਂ ਸੀ ਬਣੀ। ਪੰਜਾਂ ਤਤਾਂ ਦੀ ਮਿਲਾਵਟ ਹੀ ਨਹੀਂ ਸੀ ਹੋਈ। ਸੰਸਾਰ-ਰਚਨਾ ਬਿਨਾਂ ਜੀਵਾਂ ਨੂੰ ਧਰਮ-ਉਪਦੇਸ਼ ਕਰਨ ਵਾਲੇ ਇਹ ਬੇਦ ਸ਼ਾਸਤਰ ਆਦਿਕ ਪੁਸਤਕ ਹੀ ਨਹੀਂ ਰਚੇ ਗਏ ਸੀ; ਤਾਂ, ਉਸ ਸਮੇਂ ਬ੍ਰਹਮ-ਉਪਦੇਸ਼ ਬਿਨਾਂ ਅਤੇ ਧਰਮ-ਉਪਦੇਸ਼ ਕਰਨ ਵਾਲੇ ਅਤੇ ਧਰਮ-ਉਪਦੇਸ਼ਾਂ ਤੇ ਚਲਣ ਵਾਲੇ ਜੀਵਾਂ ਪ੍ਰਾਣੀਆਂ ਬਿਨਾਂ ਕਰਮ ਕਿਥੋਂ ਆ ਗਿਆ ? ਭਾਵ, ਕਰਮ ਕਿਤੋਂ ਭੀ ਨਹੀਂ ਸੀ ਆਇਆ। ਕਰਮਾਂ ਦਾ ਨਮੂਦ ਹੀ ਨਹੀਂ ਸੀ।

ਤਾਂ ਤੇ ਸਦਾ ਸਦਾ ਅਬਿਚਲ ਰਹਿਣ ਵਾਲਾ ਇਕ ਮੂਲ ਪਰਮ ਤੱਤ, ਸਭ ਤੱਤਾਂ ਦਾ ਆਸਰਾ ਨਿਰਾਕਾਰ



www.AKJ.Org

ਪ੍ਰਮਾਤਮਾ ਵਾਹਿਗੁਰੂ ਹੀ ਹੈ। ਤਿਸ ਦੀ ਪ੍ਰਾਪਤੀ ਨਿਰਾਕਾਰ ਨਿਰੰਜਨੀ ਸ਼ਬਦ ਦੁਆਰਾ ਹੀ ਸੰਭਵ ਹੈ, ਜੋ ਨਿਰੰਕਾਰੀ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਕਰਮਾਂ ਕਾਂਡਾਂ ਦੇ ਰਾਹੀਂ ਇਹ ਪ੍ਰਾਪਤੀ ਕਦਾਚਿਤ ਨਹੀਂ ਹੁੰਦੀ।

ਨਿਰੰਕਾਰ ਵਾਹਿਗੁਰੂ ਦੀ ਪ੍ਰਾਪਤੀ ਦਾ ਮੁਖ ਮੂਲ, ਨਿਰੰਕਾਰੀ ਗੁਰੂ ਦੀ ਨਦਰਤਾ ਦੇ ਸਤਕੇ, ਨਿਰੰਕਾਰੀ ਨਾਮ ਹੀ ਹੈ। ਨਾ ਹੀ ਯੋਗ ਦੀ ਮੁਦਰਾ ਹੈ, ਨਾ ਹੀ ਤੁਲਸੀ ਮਾਲਾ ਆਦਿਕ ਆਨਮਤੀ ਕਰਮ ਕਾਂਡ ਵਾਲੀ ਪੂਜਾ ਹੈ। ਜੋ ਪੁਰਸ਼ ਨਿਰੰਕਾਰ ਵਾਹਿਗੁਰੂ ਨਿਰੰਜਨ ਦੀ ਪ੍ਰਾਪਤੀ ਹੇਤ ਖੇਚਰੀ ਭੂਚਰੀ ਮੁਦਰਾ ਦੀ ਯੋਗ ਸਾਧਨਾ ਕਰਦੇ ਹਨ, ਅਥਵਾ, ਪਾਖੰਡ ਕਰਮਾਰੀ ਤੁਲਸੀ ਦੀ ਮਾਲਾ ਦੀ ਧਾਰਨਾ ਆਦਿਕ ਆਨਮਤ ਕਰਮ ਕਮਾਉਂਦੇ ਹਨ, ਤਿਨ੍ਹਾਂ ਦੀ ਇਹ ਘਾਲ ਅਜਾਈਂ ਹੀ ਜਾਂਦੀ ਹੈ। ਪ੍ਰਮਾਤਮਾ ਪਾਰਬ੍ਰਹਮ ਕੇਵਲ ਗੁਰੂ ਦੀ ਦਇਆ ਮਇਆ ਦੁਆਰੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੀ ਪਾਇਆ ਜਾ ਸਕਦਾ ਹੈ, ਖੇਚਰੀ ਆਦਿਕ ਆਨਮਤ ਸਾਧਨਾਂ ਨਾਲ ਨਹੀਂ ਪਾਇਆ ਜਾਂਦਾ। ਹੱਠ ਯੋਗ ਦੁਆਰਾ ਪ੍ਰਾਣਾਂ ਨੂੰ ਹੇਠ ਉਤੇ ਕਰਨ ਦੇ ਸਾਧਨਾ ਹਿਠਾਹਾਂ ਉਤਾਹਾਂ ਚਾੜ੍ਹਨ ਦੇ ਆਨਮਤੀ ਕਰਮ, ਸਭ ਨਿਸਫਲ ਹਨ। ਤਾਲੂਏ ਵਿਚ ਜੀਭਾ ਅੜਾ ਕੇ ਪ੍ਰਾਣ ਰੋਕਣ ਨੂੰ ਹੀ ਖੇਚਰੀ ਮੁੰਦਰਾ ਕਹਿੰਦੇ ਹਨ। ਤੇ ਭਵਾਂ (ਭਰਵੱਟਿਆਂ) ਦੇ ਵਿਚਕਾਰ ਨਿਗਾਹ ਟਿਕਾ ਕੇ ਪ੍ਰਾਣਾਯਾਮ ਕਰਨ ਨੂੰ ਭੂਚਰੀ ਮੁੰਦਰਾ ਆਖਦੇ ਹਨ। ਇਹਨਾਂ ਹੱਠ-ਯੋਗ ਸਾਧਨਾਂ ਨਾਲ ਅਤੇ ਤੁਲਸੀ ਮਾਲਾ ਆਦਿਕ ਧਾਰਨ ਵਲੇ ਆਨਮਤ ਕਰਮਾਂ ਨਾਲ ਕੁਛ ਲੱਭਤਾ ਨਹੀਂ ਹੁੰਦੀ। ਸ਼ਿਰੀ ਨਾਮਦੇਵ ਜੀ ਫੁਰਮਾਉਂਦੇ ਹਨ ਕਿ ਕਰਤਾ ਪੁਰਖ ਹੀ ਸਭਸ ਦਾ ਅ ਦਿ ਕਾਰਣ ਪਰਮ ਤੱਤ ਹੈ। ਤਿਸੀ ਵਾਹਿਗੁਰੂ ਨਿਰੰਕਾਰ ਨੇ ਆਪਣਾ ਤੱਤ ਸਰੂਪ, ਨਿਰੰਕਾਰੀ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦੇ ਵਿਚ ਦੀ ਹੋ ਕੇ ਲਖਾਇਆ ਹੈ ਅਤੇ ਧੁਰਵਾ ਬੰਨ੍ਹ ਵਿਖਾਇਆ ਹੈ ਕਿ ਜਦ ਕਦ ਨਿਰੰਕਾਰ ਵਾਹਿਗੁਰੂ ਲਖਿਆ ਜਾ ਸਕਦਾ ਹੈ ਤਾਂ ਗੁਰੂ ਨਾਨਕ ਨਿਰੰਕਾਰੀ ਦੇ ਕਿਰਪਾ ਪ੍ਰਸਾਦਿ ਕਰਿ ਹੀ ਲਖਿਆ ਜਾ ਸਕਦਾ ਹੈ, ਐਵੇਂ ਨਹੀਂ। ਸ੍ਰਿਸ਼ਟੀ ਦੇ ਮੁਢ ਤੋਂ ਹੀ, ਆਦਿ ਰਚਨਾ ਦੇ ਆਗਾਜ਼ ਤੋਂ ਹੀ, ਜੁਗਾਂ ਦੇ ਆਦਿ ਤੋਂ ਹੀ ਇਹ ਨਿਰੰਕਾਰੀ ਧੁਰਵਾ ਅਗਾਧ ਨਿਰੰਕਾਰੀ ਕਲਾ ਦੁਆਰਾ ਬੰਨ੍ਹ ਦਿਤਾ ਗਿਆ ਹੈ ਕਿ ਜੀਵਾਂ ਦਾ ਉਧਾਰ-ਨਿਸਤਾਰਾ ਸਰਬਦਾ ਨਿਰੰਕਾਰੀ ਨਾਮ ਦੁਆਰਾ ਹੀ ਹੋਵੇਗਾ। ਨਿਰਗੁਣ ਨਿਰੰਕਾਰ ਪ੍ਰਮਾਤਮ ਦੀ ਪ੍ਰਾਪਤੀ ਨਿਰੰਕਾਰੀ ਨਾਮ ਦੁਆਰਾ ਹੀ ਸਦਾ ਸਦਾ ਹੋਵੇਗੀ। ਹੋਰ ਕਰਮ-ਕਾਂਡ ਸਭ ਨਿਸਫਲ ਜਾਣਗੇ।

ਕਰਮ ਦੀ ਆਦਿ ਸਤਤਾ ਹੈ ਹੀ ਨਹੀਂ। ਆਦੋਂ ਹੀ ਕਰਮ ਦੀ ਕਲਿਆਣ-ਕਾਰੀ ਕਲਾ ਨੇਸਤ ਹੈ। ਕਰਮਾਂ ਦਾ ਵਜੂਦ ਹੀ ਨਹੀਂ ਸੀ। ਨਿਰੰਕਾਰੀ ਨਾਮ ਦਾ ਤਾਂ ਨਿਰੰਕਾਰ ਦੀ ਨਿਰੰਕਾਰੀ ਸੱਤਾ ਨਾਲ ਹੀ ਵਜੂਦ ਮੌਜੂਦ ਸੀ। ਸੁਯੰਭਵੀ ਸਤਤਾ ਅਤੇ ਸਤਾ ਰਖਣ ਵਾਲੇ ਨਿਰੰਕਾਰੀ ਨਾਮ ਦੇ ਨਾਲ ਭਲਾ ਕਰਮ ਦਾ ਮੁਕਾਬਲਾ ਹੀ ਕੀ ? ਕਰਮ ਦੀ ਹੈਸੀਅਤ ਹੈਅਤ ਹੀ ਕੀ ? ਸਰਬਗ ਵਾਹਿਗੁਰੂ ਦੀ ਹੋਂਦ ਦੇ ਤੱਤ-ਗਿਆਨ ਤੋਂ ਘੁਥੇ ਅਲਪਗ ਪੁਰਸ਼ਾਂ ਨੇ ਕਰਮ ਦੀ ਸਾਜਨਾ ਆਪਣੀ ਅਲਪਗਤਾ ਨਾਲ ਹੀ ਸਜਾ ਲਈ। ਖ਼ਬਰ ਨਹੀਂ ਕਦੋਂ ਸਾਜੀ। ਖ਼ਬਰੇ **"ਕਰਮੁ ਕਹਾਂ ਤੇ ਆਇਆ।"**

ਚਹੁੰ ਜੁਗਾਂ ਵਿਖੇ ਕਰਮ ਕਰਿ ਵਸੀਕਾਰ ਰੰਚਕ ਭੀ ਨਾਹੀਂ ਸੀ, ਕਰਮ ਦੀ ਨਿਪੁੰਸਕਤਾ ਹੀ ਨਿਪੁੰਸਕਤਾ ਸਿਧ ਹੁੰਦੀ ਹੈ। ਤਤ ਪਰਮਾਤਮ ਦੀ ਸਤਿ ਕਲਾ ਤੋਂ ਅਗਿਆਤ ਕਈ ਅਗਿਆਨੀ ਮਹਾਤਮਾਵਾਂ ਨੇ ਕਰਮ ਨੂੰ ਹੀ ਪਰਮ ਤੱਤ ਮੰਨ ਕੇ, ਉਸ ਨੂੰ ਸਰਬ ਸ੍ਰੇਸ਼ਟਤਾ ਦੇ ਦਿਤੀ ਅਤੇ ਮਹਾਂ ਕਾਲ ਅਕਾਲ ਪੁਰਖ ਤੋਂ ਮੁਨਕਰ ਹੋ ਬੈਠੇ। ਤਿਨ੍ਹਾਂ ਵਡੇਰੂਆਂ ਦਾ ਐਸਾ ਪਹਿਰਾ ਭੀ ਆਇਆ ਹੈ, ਐਸਾ ਸਮਾਂ ਭੀ ਹੋ ਗੁਜ਼ਰਿਆ ਹੈ ਕਿ ਉਹਨਾਂ ਦੇ ਉਪਦੇਸ਼ ਦੇ ਸਮੇਂ ਨਾਸਤਕਤਾ ਹੀ ਨਾਸਤਕਤਾ ਇਸ ਭਾਰਤ ਵਰਸ਼ ਵਿਚ ਛਾ ਗਈ ਸੀ। ਅਤੇ ਹੋਰ ਖੰਡਾਂ ਤੀਕ ਭੀ ਛਾਉਣ ਲਗੀ ਸੀ, ਪਰ ਪਾਖੰਡ ਕਦੋਂ ਕੁ ਤਾਈਂ ਚਲਦਾ ਹੈ। ਪਾਖੰਡੀ ਦੁਨੀਆ ਪਾਖੰਡ-ਕਰਮਾਂ ਧਰਮਾਂ ਪਿਛੇ ਹੀ ਬਹੁਤੀ ਧਾਉਂਦੀ ਹੈ। ਅਤੇ ਇਸ ਬਹੁਲਤਾ ਦੀ ਅਲਖ ਸਦਾ ਮਿਟਦੀ ਰਹੀ ਹੈ। ਬਹੁਤਾ ਚਿਰ ਨਹੀਂ ਰਹਿੰਦੀ। ਛੇਤੀ ਹੀ ਨਿਬੇੜਾ ਹੋ ਜਾਂਦਾ ਹੈ। ਮੁਢ ਤੋਂ ਭੇਡਾਚਾਰੀ ਬਹੁਲਤਾ ਖਜਲ ਖੁਆਰ ਹੁੰਦੀ ਰਹੀ ਹੈ। ਕਰਮਾਂ ਦੇ ਪਿਛੇ ਲਗੀ, ਬਹੁਤੇ ਸਿਆਣਿਆਂ ਦੀ ਦੁਨੀਆ ਭੀ ਰੁੜ੍ਹ ਗਈ ਅਤੇ ਰੁੜ੍ਹਦੀ ਰਹੀ ਹੈ। ਅਤਿ ਸਿਆਣੇ, ਸਭ ਤੋਂ ਬਹੁਤੇ ਸਿਆਣੇ



www.AKJ.Org

ਸੁਸ਼ਕ ਕਰਮ-ਫ਼ਿਲਾਸਫ਼ੀ ਦੀ ਧਸਣ ਵਿਚ ਧਸ ਕੇ ਰਹਿ ਖੜੋਤੇ । ਭਲਾ ਉਸ ਕਰਮ ਦਾ ਕੀ ਮਾਣ ? ਜਿਸ ਦੀ ਬੇਥੇਹੀ ਹੋਂਦ ਦਾ ਹੀ ਪਤਾ ਨਹੀਂ ਕਿ ਕਰਮ ਕਦੋਂ ਤੇ ਕਿਥੋਂ ਆਇਆ ? ਇਹਨਾਂ ਫੋਕੀਆਂ ਪ੍ਰਸ਼ਨੋਤਰੀਆਂ ਵਿਚ ਪੈਣ ਨੂੰ ਕਿ 'ਕਰਮ ਕਹਾਂ ਤੇ ਆਇਆ ?' 'ਸ੍ਰਿਸ਼ਟੀ ਦਾ ਆਦਿ ਕਿਵੇਂ ਬਣਿਆ ?' ਇਹ ਲੋਕ ਮਹਾਂ ਅਕਲ ਭਰੀ ਫ਼ਿਲਾਸਫ਼ੀ ਸਮਝਦੇ ਹਨ । ਆਦਿ ਵਿਚ ਤਾਂ ਕਰਮਾਂ ਦਾ ਨਮੂਦ ਭੀ ਨਹੀਂ ਸੀ । ਜੈਸੇ ਕਿ ਇਹ ਗੁਰਵਾਕ ਦਰਸਾਉਂਦੇ ਹਨ—ਸਲੋਕ ॥ "ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥

ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥੨੧॥

ਅਸਟਪਦੀ ॥ ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥

ਪਾਪ ਪੁੰਨ ਤਬ ਕਹ ਤੇ ਹੋਤਾ ॥" ਆਦਿ ।

ਜਦੋਂ ਨਿਰੰਕਾਰ ਵਾਹਿਗੁਰੂ ਆਪਣੇ ਸਰੂਪ ਵਿਚ ਨਿਰਗੁਣ ਸਰਗੁਣਤਾ ਅੰਸਤਾ ਸਹਿਤ ਨਿਜ ਸਮਾਧੀ ਵਿਚ ਹੀ ਅਸਥਿਰ ਸੀ ਅਤੇ ਸਾਕਾਰ, ਆਕਾਰ ਧਾਰ ਕੇ ਆਪਣੇ ਸਰੂਪ ਨੂੰ ਪ੍ਰਗਟਾਉਣ ਤੋਂ ਪਹਿਲਾਂ ਜਦੋਂ ਇਹ ਦਿਸਦਾ ਆਕਾਰ ਕੁਛ ਭੀ ਨਜ਼ਰ ਨਹੀਂ ਸੀ ਆਉਂਦਾ ਓਦੋਂ ਪਾਪ ਪੁੰਨ ਰੂਪੀ ਕਰਮ ਕਿਥੇ ਸਨ ਅਤੇ ਕਿਸ ਤੋਂ ਹੋ ਸਕਦੇ ਸਨ ? ਜਦੋਂ ਕਰਮਾਂ ਦਾ ਕਰਨਹਾਰਾ ਹੀ ਕੋਈ ਨਹੀਂ ਸੀ, ਕਰਮ ਕਰਨਹਾਰੇ ਦਾ ਵਜੂਦ ਹੀ ਨਹੀਂ ਸੀ ਤਦ ਕਰਮਾਂ ਦਾ ਵਜੂਦ ਕਿਵੇਂ ਹੋ ਸਕਦਾ ਹੈ । 'ਕਹਤੇ' ਪਾਠ ਨਹੀਂ ਕਰਨਾ, 'ਕਹ ਤੇ' ਪਾਠ ਠੀਕ ਹੈ । ਇਹ ਕਰਮ ਸਭ ਪਿੱਛੋਂ ਹੀ ਬਣੇ ਹਨ । ਕਰਮ-ਕਾਂਡੀਆਂ ਪੁਰਸ਼ਾਂ ਅਲਪੱਗਾਂ ਦੇ ਬਣਾਏ ਹੀ ਬਣੇ ਹਨ । ਕਰਤੇ ਪੁਰਖ ਨੇ ਨਹੀਂ ਬਣਾਏ । ਕਰਤਾ ਪੁਰਖ ਤਾਂ ਕਰਮਾਂ ਧਰਮਾਂ ਦੀ ਮਹੱਤਤਾ ਤੋਂ ਅਗੋਚਰ ਹੈ । ਕਰਮ ਕਰਨਹਾਰੇ ਜੀਵਾਂ ਦੇ ਕਰਮ ਕਰਤੱਤਤਾ ਦਾ ਤੱਤ-ਦਰਸੀ ਹੈ, ਨਿਆਉਂ ਨਿਬੇੜਨਹਾਰਾ ਹੈ । ਨਿਰੰਕਾਰੀ ਵਾਹਿਗੁਰੂ ਦੀ ਦਰਗਾਹ ਤੋਂ ਧੁਰੋਂ ਨਿਰੰਕਾਰੀ ਨਾਮ ਹੀ ਆਇਆ ਹੈ । ਕਰਮ ਖਬਰੇ ਕਿਥੋਂ ਆਇਆ ਹੈ । ਕਰਤਾਰ ਦੇ ਕਿਰਤਮ ਜੀਵਾਂ ਦਾ ਬਣਾਇਆ ਹੋਇਆ ਕਰਮ, ਜੀਵਾਂ ਦੇ ਇਸ ਜੀਵਨ ਵਿਚ ਕਿਧਰੋਂ ਆ ਘੁਸੜਿਆ ਹੈ ।

ਆਪ-ਹੁਦਰੇ ਕਰਮ ਜੀਵ ਆਪ ਕਰਨ ਲਗ ਪਏ । ਕੀਤੇ ਕਰਮਾਂ ਦੀ ਕਰਤਾਰ ਵਲੋਂ ਯਥਾ ਯੋਗ ਸੋਧਨਾ ਜੇ ਨਾ ਹੋਵੇ ਤਦ ਸ੍ਰਿਸ਼ਟੀ-ਰਚਨਾ ਵਿਚ ਬੇਨਿਯਮੀ ਅਤੇ ਆਪੋ-ਧਾਪੀ ਫੈਲ ਜਾਵੇ । ਕਰਮ ਦੀ ਆਪੋਂ ਮਹੱਤਤਾ ਰਾਈ ਮਾਤਰ ਭੀ ਨਹੀਂ, ਜਿਹੜੀ ਕਿ ਆਨਮਤੀਆਂ ਨੇ ਆਪਣੀ ਅਹੰਮਤਿ ਕਰਕੇ ਦੇ ਛਡੀ ਹੈ ਤੇ ਐਵੇਂ ਚਮੇੜ ਛਡੀ ਹੈ ।

ਅਸਲ ਵਿਚ ਕਰਮ ਦੀ ਪ੍ਰਧਾਨਤਾ ਆਨ ਮਤਾਂ ਨੇ ਹੀ ਮੰਨੀ ਹੈ । ਗੁਰਮਤਿ ਅੰਦਰ ਨਾਮ ਤੋਂ ਬਿਨਾਂ ਹੋਰ ਕੋਈ ਕਰਮ ਭੀ ਪ੍ਰਧਾਨਤਾ ਯੋਗ ਨਹੀਂ । ਆਨਮਤ ਕਰਮਾਂ ਦੀ ਨਿਖੇਧੀ ਗੁਰਮਤਿ ਅੰਦਰ, ਗੁਰਬਾਣੀ ਅੰਦਰ ਏਸੇ ਕਰਕੇ ਬਹੁਤ ਕੀਤੀ ਗਈ ਹੈ ਕਿ ਕਿਤੇ ਗੁਰਮਤਿ-ਸੰਗ੍ਰਹੀ ਗੁਰਸਿਖਾਂ ਨੂੰ ਭੀ ਆਨ-ਮਤੀਆਂ ਦੀ ਦੇਖਾ ਦੇਖੀ ਕਰਮਾਂ ਦੀ ਲਾਗ ਨਾ ਲਗ ਜਾਵੇ । ਗੁਰਮਤਿ ਕਰਮ ਦੀ ਫ਼ਿਲਾਸਫ਼ੀ ਹੀ ਨਿਆਰੀ ਹੈ । ਨਿਆਰੋ ਨਿਆਰਾ ਹੀ ਨਿਰਣਾ ਦੇਖਣ ਵਿਚ ਆਇਆ ਹੈ ਕਿ ਬੜੇ ਬੜੇ ਸਿਆਣੇ ਗੁਰਸਿਖ ਭੀ ਏਸ ਵਿਚ ਆਨ-ਮਤ ਕਰਮਾਂ ਦੀ ਵਿਸ਼ੇਸ਼ਤਾ ਮੰਨਦੇ ਰਹੇ ਹਨ ।

[ਪੁਸਤਕ "ਗੁਰਮਤਿ ਕਰਮ ਫਿਲਾਸਫ਼ੀ" ਪੰਨਾ ੧੪੭-੧੫੦, ਛਾਪ ਪਹਿਲੀ

---

**ਪਿਆਰੇ ਪਾਠਕੋ**—ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਹਰ ਮਹੀਨੇ ਤੁਹਾਡਾ ਚਿੱਟ ਨੰਬਰ ਪਰਚੇ ਉਤੇ ਐਡਰੇਸ ਤੋਂ ਪਹਿਲਾਂ ਲਿਖਿਆ ਹੁੰਦਾ ਹੈ । ਤੁਹਾਡੇ ਵਲੋਂ ਭੇਜੀ ਚਿਠੀ ਜਾਂ ਰਕਮ ਦੇ ਨਾਲ ਚਿਟ ਨੰਬਰ ਨਾਂ ਹੋਵੇ ਤਾਂ ਅਮਲ ਕਰਨ ਵਿਚ ਬੜੀ ਦਿਕਤ ਹੁੰਦੀ ਹੈ ।

**ਸੂਰਾ ਪੱਤਰ ਦੇ ਚੰਦੇ**—ਚੰਦਾ ਖ਼ਤਮ ਹੋਣ ਦੀ ਮੁਹਰ ਪਰਚੇ ਤੇ ਵੇਖੋ ਤਾਂ ਓਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜੋ ਤਾ ਕਿ ਕਟ ਵਧ ਨਾ ਕਰਨੀ ਪਵੇ ਜੀ ।

**ਪਰਦੇਸੀ ਵੀਰ**—ਡਾਕ ਖ਼ਰਚ ਸਾਰੇ ਮੁਲਕਾਂ ਲਈ ਇਕੋ ਜਿਹਾ ਯਕ-ਲਖ਼ਤ ਵਧ ਜਾਣ ਕਾਰਨ ਚੰਦੇ ਵਧਾਣੇ ਪਏ ਹਨ । ਮੁਢਲੇ ਸਫ਼ੇ ਤੇ ਨਵੇਂ ਦਿਤੇ ਰੇਟਾਂ ਅਨੁਸਾਰ ਹੁਣ ਚੰਦੇ ਭੇਜੋ ਅਤੇ ਅਮਾਨਤੀ ਲਾਈਫ਼ ਮੈਂਬਰ ਆਪਣੇ ਬਕਾਏ ਭੇਜੋ ਜੀ ।

www.AKJ.Org

# 'ਗੁਰਬਾਣੀ ਰਹਿਤਨਾਮਾ' ਬਾਰੇ

[ਭਾਈ ਰਾਮ ਸਿੰਘ ਜੀ ਸੁਕਐਡਰਨ ਲੀਡਰ (ਰੀ:) ਸ੍ਰੀ ਅੰਮ੍ਰਿਤਸਰ]

ਪੰਥ ਵਿਚ ਪ੍ਰਚਲਤ ਰਹਿਤਨਾਮਿਆਂ ਨੂੰ ਪੜ੍ਹ ਕੇ ਇੰਜ ਪ੍ਰਤੀਤ ਹੁੰਦਾ ਹੈ ਕਿ ਸਿੱਖੀ ਰਹਿਤ ਰੱਖਣ ਸੰਬੰਧੀ ਕੋਈ ਔਖਿਆਈ ਹੈ ਹੀ ਨਹੀਂ। ਸਗੋਂ ਇਕ ਰਹਿਤਨਾਮੇ ਮੁਤਾਬਿਕ ਸ੍ਰਕਾਰੀ ਮੁਲਾਜ਼ਮਾਂ ਲਈ ਕੁਝਕੁ ਬੱਜਰ ਕੁਰਹਿਤਾਂ ਨੂੰ ਲਾਗੂ ਹੀ ਨਹੀਂ ਰਹਿਣ ਦਿੱਤਾ ਗਿਆ, ਅਤੇ ਬਾਕੀ ਬੱਜਰ ਕੁ-ਰਹਿਤਾਂ ਬਾਰੇ ਲਿਖਿਆ ਗਿਆ ਹੈ ਕਿ ਇਨ੍ਹਾਂ ਵਿੱਚੋਂ ਜੇ ਕੋਈ ਕੁ-ਰਹਿਤ ਹੋ ਜਾਏ ਤਾਂ ਬਾਅਦ ਵਿਚ ਬਖਸ਼ਵਾ ਲੈਣੀ ਚਾਹੀਦੀ ਹੈ।

ਉਹ ਰਹਿਤਨਾਮਾ ਹੀ ਕੀ ਹੋਇਆ ਜਿਹੜਾ ਰਹਿਤ ਨੂੰ ਲਾਗੂ ਕਰਨ ਵਿੱਚ, ਢਿਲਿਆਈ ਦੀ ਆਗਿਆ ਭੀ ਨਾਲ ਨਾਲ ਹੀ ਦੇਈ ਤੁਰਿਆ ਜਾਏ ? ਰਹਿਤ ਹੀ ਤਾਂ ਗੁਰਸਿੱਖ ਦਾ ਨਿਆਰਾ-ਪਨ ਹੈ। ਅਜਿਹੀਆਂ ਗੁਰਸਿੱਖਾਂ ਲਈ ਹੀ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਸੀ—

"ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈ ਸਾਰਾ ॥"

ਭਾਵ ਕਿ ਰਹਿਤਵਾਨ ਸਿੱਖ ਨੂੰ ਹੀ ਗੁਰੂ ਸਾਹਿਬ ਜੀ ਦੀ ਪੂਰੀ ਖੁਸ਼ੀ ਹਾਸਲ ਹੈ। ਇਸ ਲਈ ਤੱਤ-ਸਿੱਖੀ-ਰਹਿਤ ਦੀ ਜਾਣ-ਕਾਰੀ ਜ਼ਰੂਰੀ ਹੈ।

ਪੂਰੇ ਗੁਰੂ ਨੇ ਪੂਰੀ ਰਹਿਤ ਚਲਾਈ ਹੈ। ਪੂਰੀ ਰਹਿਤ ਵਿੱਚ ਕਿਸੇ ਪ੍ਰਕਾਰ ਦੀ ਛੋਟ ਦੇਣ ਦਾ ਸਵਾਲ ਹੀ ਨਹੀਂ ਉਠਦਾ। ਛੋਟ ਦੇਣ ਨਾਲ ਰਹਿਤ ਦਾ ਪੂਰਾ-ਪਨ ਖ਼ਤਮ ਹੋ ਜਾਂਦਾ ਹੈ। ਇਹ ਰਹਿਤ, ਸਿਰ ਦੇ ਕੇ, ਲਈ ਗਈ ਹੈ। 'ਸਿਰੁ ਧਰਿ ਤਲੀ ਗਲੀ ਮੇਰੀ ਆਉ'—੧੪੧੨ (ਮੈ ਤਉ ਮੋਲਿ ਮਹਗੀ ਲਈ ਜੀਅ ਸਟੈ—੬੯੪) ਜਾਨ ਦੇ ਕੇ ਇਤਨੇ ਮਹਿੰਗੇ ਮੁਲ ਲਈ ਹੋਈ ਵਸਤੂ ਕੇਵਲ ਇਕ ਵਾਰ ਹੀ ਜੀਵਨ ਵਿੱਚ ਖਰੀਦੀ ਜਾ ਸਕਦੀ ਹੈ।

ਸਿਖ ਧਰਮ ਦੇ ਦੋਖੀ, ਸਿੱਖੀ ਰਹਿਤ ਦੇ ਇਸ ਕਰੜੇ ਪਹਿਲੂ ਤੇ ਚੰਗੀ ਤਰ੍ਹਾਂ ਵਾਕਫ਼ ਸਨ, ਅਤੇ ਜਾਣਦੇ ਸਨ ਕਿ ਸਿਖ ਧਰਮ ਦੀ ਚੜ੍ਹਦੀ ਕਲਾ, ਅਤੇ ਹਰ ਮੈਦਾਨ ਵਿੱਚ ਖਾਲਸੇ ਦੀ ਜੈ ਜੈਕਾਰ, ਸਿੱਖੀ ਰਹਿਤ ਵਿੱਚ ਪੱਕੇ ਰਹਿਣ ਵਾਲੇ ਖਾਲਸੇ ਦੇ ਸਿਰ ਸਦਕੇ ਹੀ ਹੈ। ਖਾਲਸੇ ਸਿੱਖੀ ਤੋਂ ਡੇਗਣ ਲਈ, ਸਿਖ ਧਰਮ ਦਿਆਂ ਦੋਖੀਆਂ ਨੇ, ਸਿਖ-ਰਹਿਤਨਾਮਿਆਂ ਵਿੱਚ, ਬੜੇ ਸੂਖਸ਼ਮ ਢੰਗ ਨਾਲ ਢਿਲਿਆਈਆਂ ਸ਼ਾਮਲ ਕਰ ਦਿੱਤੀਆਂ। ਜਿਹੜੀਆਂ ਗੱਲਾਂ ਤੋਂ ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਵਰਜਿਆ ਸੀ, ਉਨ੍ਹਾਂ ਹੀ ਗੱਲਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਮੁੜ ਰਹਿਤ-ਨਾਮਿਆਂ ਵਿੱਚ ਘਸੋੜ ਦਿੱਤਾ ਗਿਆ। ਕੇਵਲ ਗੁਰਬਾਣੀ ਹੀ ਹੈ, ਜਿਸ ਦੇ ਚਾਨਣ ਵਿੱਚ ਹੀ, ਸਿਖ ਧਰਮ ਦੇ ਦੋਖੀਆਂ ਦੀਆਂ ਅਜਿਹੀਆਂ ਕੁ-ਚਾਲਾਂ ਦਾ ਪਤਾ ਲਗਦਾ ਹੈ।

ਪ੍ਰਚਲਤ ਰਹਿਤਨਾਮਿਆਂ ਨੇ ਤਾਂ ਖਾਲਸੇ ਦਾ ਆਹਾਰ, ਵਿਵਹਾਰ ਅਤੇ ਆਚਾਰ ਵਿਗਾੜ ਕੇ ਰੱਖ ਦਿੱਤਾ ਹੈ, ਅਤੇ ਖਾਲਸੇ ਨੂੰ ਆਮ ਜਨਤਾ ਨਾਲ ਰਲਾ ਕੇ ਰਖ ਦਿੱਤਾ ਹੈ। ਕੀ ਗੁਰੂ ਨਾਨਕ ਸਾਹਿਬ ਜੀ ਨੇ ਢਾਈ ਸੌ ਬਰਸ ਲਾ ਕੇ, ਇਤਨੀਆਂ ਘਾਲਣਾਂ ਘਾਲ ਕੇ ਅਤੇ ਕੁਰਬਾਨੀਆਂ ਦੇ ਕੇ ਇਹੋ ਜਿਹਾ ਖਾਲਸਾ ਤਿਆਰ ਕੀਤਾ ਸੀ ਜਿਹੜਾ ਕੁ-ਰਹਿਤਾਂ ਭੀ ਕਰੀ ਜਾਏ ਅਤੇ ਮੁਆਫੀ ਮੰਗ ਕੇ ਨਾਲੋ ਨਾਲ ਹੀ ਆਪਣੇ ਪਾਪਾਂ ਨੂੰ ਭੀ ਬਖਸ਼ਵਾਈ ਤੁਰਿਆ ਜਾਏ ? ਕੀ ਇਹੋ ਜਿਹੇ ਖਾਲਸੇ ਨੂੰ ਕਲਗੀਧਰ ਪਾਤਸ਼ਾਹ ਜੀ ਨੇ ਕਿਹਾ ਸੀ, 'ਖਾਲਸਾ ਮੇਰਾ ਸਤਿਗੁਰ ਪੂਰਾ' ? ਇਹੋ ਜ੍ਹਿਹਾ ਖਾਲਸਾ ਕਿਸ ਪ੍ਰਕਾਰ ਦਾ ਪੂਰਾ ਸਤਿਗੁਰ ਹੋਇਆ, ਜਿਹੜਾ ਪਤਿਤ ਕਰਮ ਕਰਕੇ ਅਧੂਰਾ ਹੋ ਜਾਏ ਅਤੇ ਭੁੱਲ ਬਖਸ਼ਵਾ ਕੇ ਮੁੜ ਝੱਟ-ਦੇਣੀ ਪੂਰਾ ਹੋ ਜਾਏ ? ਕੀ ਇਹੋ ਜਿਹੇ ਖਾਲਸੇ ਵਿੱਚੋਂ ਚੁਣੇ ਪੰਜਾਂ ਸਿੰਘਾਂ ਬਾਰੇ ਹੀ ਭਾਈ ਗੁਰਦਾਸ ਜੀ ਨੇ ਕਿਹਾ ਸੀ, 'ਪੰਜੀਂ ਪ੍ਰਮੇਸ਼ਰ' ? ਕੀ, ਕੁ-ਰਹਿਤੀਆਂ ਦੀਆਂ ਭੁੱਲਾਂ ਬਖਸ਼ਣ ਵਾਲੇ ਪੰਚ ਭੀ ਇਹੋ ਜਿਹਿਆਂ ਵਿਚੋਂ ਹੀ ਹੋਣਗੇ ? ਕਦੇ ਬਖਸ਼ਵਾਉਣ ਵਾਲਿਆਂ ਵਿਚ ਖਲੋ ਗਏ ਤੇ ਕਦੇ ਬਖਸ਼ਣ ਵਾਲਿਆਂ ਵਿਚ ? ਮਨ ਤੁਰਾ ਹਾਜੀ ਬਗੋਇਮ ਤੂ ਮਰਾ ਹਾਜੀ ਬਗੋਅ ! ਇਸ ਪ੍ਰਕਾਰ ਦੀ ਸਿੱਖੀ ਹਾਸਲ ਕਰਨੀ ਤਾਂ ਕੋਈ ਮਹਿੰਗੀ ਨਹੀਂ। ਇਸ ਵਿਚ ਤਕਲੀਫ ਹੀ ਕੋਈ ਨਹੀਂ। ਕੋਈ ਪੱਕੀ ਰੋਕ-ਰੁਕਾਵਟ ਹੈ ਹੀ ਨਹੀਂ। ਪ੍ਰਚਲਤ-



www.AKJ.Org

# ਪੰਜਾਬ ਨੂੰ ਇਨਸਾਫ਼ ਕਦੋਂ ਅਤੇ ਕਿਵੇਂ ਮਿਲੇਗਾ ?

[ਸ: ਵਰਿਆਮ ਸਿੰਘ ਜੀ, ਸੰਪਾਦਕ ਗੁਰਮਤਿ ਪ੍ਰਕਾਸ਼, ਸ੍ਰੀ ਅੰਮ੍ਰਿਤਸਰ]

ਜਦ ਕਿਧਰੇ ਵੀ ਪੰਜਾਬ ਦੇ ਕਿਸੇ ਮਸਲੇ ਬਾਰੇ ਵਿਚਾਰ ਕੀਤਾ ਜਾਂਦਾ ਹੈ, ਤਾਂ ਇਸ ਦਾ ਸਪੱਸ਼ਟ ਭਾਵ ਸਿੱਖ ਮਸਲੇ ਤੋਂ ਹੁੰਦਾ ਹੈ, ਕਿਉਂਕਿ ਇਸ ਪੰਜਾਂ ਦਰਿਆਵਾਂ ਦੀ ਧਰਤੀ ਨਾਲ ਸਿੱਖਾਂ ਦਾ ਵਿਸ਼ੇਸ਼ ਸਬੰਧ ਸੀ, ਜੋ ਅੱਜ ਵੀ ਹੈ। ਅਸਲੀਅਤ ਜਾਣਨ ਲਈ ਘੋਖ ਕਰਦਿਆਂ ਇਹ ਤੱਥ ਪਰਗਟ ਰੂਪ ਵਿਚ ਸਾਹਮਣੇ ਆਉਂਦੇ ਹਨ ਕਿ ਇਸ ਧਰਤੀ ਨਾਲ ਬੇਇਨਸਾਫੀ ਹੋਣ ਦਾ ਸਭ ਤੋਂ ਵੱਡਾ ਕਾਰਨ ਵੀ ਇਹ ਹੀ ਹੈ ਕਿ ਇਸ ਦਾ ਜ਼ਿਆਦਾ ਸਬੰਧ ਸਿੱਖਾਂ ਨਾਲ ਹੈ।

''ਖਾਣ ਪੀਣ ਨੂੰ ਭਾਗ ਭਰੀ, ਧੌਣ ਭੰਨਾਉਣ ਨੂੰ ਜੁੰਮਾ'' ਪੰਜਾਬੀ ਭਾਸ਼ਾ ਦਾ ਅਖਾਣ ਸ਼ਾਇਦ-ਪੰਜਾਬੀਆਂ ਪ੍ਰਤੀ ਦੂਸਰੀ 'ਚੌਗਾਜੀ' ਦੇ ਵਤੀਰੇ ਵਜੋਂ ਬਹੁਤ ਢੁਕਵਾਂ ਹੈ। 'ਬਲਦੀ ਦੇ ਬੁੱਥੇ' ਆਉਣ ਨੂੰ ਪੰਜਾਬੀ ਅਤੇ ਪ੍ਰਾਪਤੀਆਂ ਦਾ ਅਨੰਦ ਮਾਣਨ ਲਈ ਬਾਕੀ ਸਭ। ਇਹ ਗੱਲ ਕੇਵਲ ਕਹਿਣ ਮਾਤਰ ਨੂੰ ਹੀ ਨਹੀਂ, ਤੱਥ ਅਤੇ ਅੰਕੜੇ ਦੱਸਦੇ ਹਨ ਕਿ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅੱਸੀ ਪ੍ਰਤੀਸ਼ਤ ਦੇ ਕਰੀਬ ਪੰਜਾਬੀਆਂ, ਵਿਸ਼ੇਸ਼ ਤੌਰ ਤੇ ਸਿੱਖਾਂ ਨੇ ਕੁਰਬਾਨੀਆਂ ਦਿਤੀਆਂ। ਪਰ, ਜਦ ਆਜ਼ਾਦੀ ਮਿਲੀ, ਤਾਂ ਮੁਹੰਮਦ ਅਲੀ ਜਿਨਾਹ ਨੇ ਪਾਕਿਸਤਾਨ ਬਣਾ ਲਿਆ, ਮਹਾਤਮਾ ਗਾਂਧੀ ਨੇ ਹਿੰਦੁਸਤਾਨ, ਪਰੰਤੂ, ਸਿੱਖਾਂ ਨੂੰ ਕੁਝ ਦੇਣ ਦੀ ਬਜਾਏ ਉਹਨਾਂ ਦੀ ਇਸ ਪੰਜਾਂ ਦਰਿਆਵਾਂ ਦੀ ਅਤਿ ਰਮਣੀਕ ਅਤੇ ਸੁਹਾਵਣੀ ਧਰਤੀ ਨੂੰ ਲੀਰੋ-ਲੀਰ ਕਰ ਦਿੱਤਾ ਗਿਆ। ਬਸ, ਇਸ ਦੇ ਨਾਲ ਹੀ ਅੰਗਰੇਜ਼ਾਂ ਦੀ ਗੁਲਾਮੀ ਉਠੀ, ਪਰ ਇਸ ਢਾਈਆਂ ਦਰਿਆਵਾਂ ਦੀ ਰਹਿ ਗਈ ਧਰਤੀ, ਪੰਜਾਬ ਨਾਲ ਦਿੱਲੀ ਦੀਆਂ ਬੇਇਨਸਾਫੀਆਂ ਦਾ ਦੌਰ ਸ਼ੁਰੂ ਹੋ ਗਿਆ। ਉਹ ਸਿੱਖ ਕੌਮ, ਜਿਸ ਨਾਲ ਸੰਘਰਸ਼ ਕਰਦਿਆਂ

---

✿ਰਹਿਤਨਾਮੀਆ-ਸਿਖ ਇਸ ਦੁਨੀਆ ਵਿੱਚ ਭੀ ਹਰਿਆ ਚੁਗਦਾ ਅਤੇ ਮੁੜ ਅੰਮ੍ਰਿਤ ਛਕ ਕੇ ਹਰਿ ਦਰਗਹਿ ਜਾਣ ਲਈ ਵੀ ਮੁਖ ਉਜਲਾ ਕਰ ਲਿਆ ਕਰੇ। ਐਡੀ ਮੌਜ ਮੇਲੇ ਵਾਲੀ ਸਿੱਖੀ ! ਕਿ ਹਾਸੋ ਹੀਣੀ ਸਿੱਖੀ ?

ਜੇਹੜੇ ਸਿਖ ਅੰਮ੍ਰਿਤ ਛਕਣ ਉਪ੍ਰੰਤ, ਗੁਰੂ ਸਾਹਿਬ ਜੀ ਦੇ ਹੁਕਮਾਂ ਦੀ ਪੂਰੀ ਪਾਲਣਾ ਕਰਦੇ ਹੋਏ, ਜੀਵਨ ਦੀਆਂ ਹਰ ਪ੍ਰਕਾਰੀ ਕਰੜਾਈਆਂ ਬਰਦਾਸ਼ਤ ਕਰਦੇ ਹੋਏ, ਰਹਿਤ ਵਿੱਚ ਅਡੋਲ ਰਹਿ ਕੇ ਆਪਣੀ ਸਾਰੀ ਆਯੂ ਗੁਰੂ ਜੀ ਦੇ ਸਨਮੁਖ ਸਾਬਤ ਰਹਿ ਕੇ ਬਤੀਤ ਕਰ ਜਾਂਦੇ ਹਨ, ਅਤੇ 'ਕਬੀਰ ਜੈਸੀ ਉਪਜੀ ਪੇੜ ਤੇ' ਵਾਲੀ ਅੰਮਿਤਧਾਰੀ ਜ਼ਿੰਦਗੀ ਨੂੰ 'ਜਉ ਤੈਸੀ ਨਿਬਹੈ ਓੜਿ' ਨਿਭਾ ਜਾਂਦੇ ਹਨ, ਉਨ੍ਹਾਂ ਬਾਰੇ ਪ੍ਰਚਲਤ-ਰਹਿਤਨਾਮੀਏ-ਸਿਖ ਕੀ ਕਹਿਣਗੇ ? ਇਹ ਵਿਚਾਰੇ ਕਹਿ ਭੀ ਕੀ ਸਕਦੇ ਹਨ ? ਉਨ੍ਹਾਂ ਬਾਰੇ ਪੂਰੀ ਰਹਿਤ ਚਲਾਉਣ ਵਾਲੇ, ਪੂਰਾ ਖਾਲਸਾ ਸਾਜਣ ਵਾਲੇ ਪੂਰੇ ਸਤਿਗੁਰੂ ਜੀ ਆਪ ਹੀ ਫੁਰਮਾਉਂਦੇ ਹਨ ਕਿ, ''ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥'' ੧੫੩॥ (ਪੰਨਾ ੧੩੭੨)

ਰਹਿਤ ਦਾ ਭਾਵ ਹੁੰਦਾ ਹੈ ਕਿ ਜੀਵਨ ਦੇ ਕਿਸੇ ਢੰਗ ਨੂੰ ਅਪਣਾਅ ਕੇ ਉਸਦੇ ਮੁਤਾਬਿਕ ਜੀਊਣਾ ਅਤੇ ਮੁੜ ਉਸ ਤੋਂ ਥਿੜਕਣਾ ਨਹੀਂ। ਗੁਰੂ ਕੈਸਾ ਹੈ, ਉਸ ਦੇ ਹੁਕਮ ਕੀ ਹਨ, ਗੁਰੂ ਨੇ ਕੈਸੀ ਰਹਿਤ ਦ੍ਰਿੜਾਈ ਹੈ ਗੁਰੂ ਦੀ ਸ਼ਾਨ ਕੀ ਹੈ, ਗੁਰੂ ਦੀ ਵਡਿਆਈ ਕੀ ਹੈ, ਇਹ ਸਭ ਕੁਝ ਗੁਰਸਿਖ ਦੀ ਕਥਨੀ, ਕਰਨੀ ਅਤੇ ਰਹਿਣੀ ਤੋਂ ਪਰਗਟ ਹੁੰਦਾ ਹੈ। ਤਾਂ ਤੇ ਗੁਰਸਿਖ ਦੇ ਕੰਧਿਆਂ ਉੱਤੇ ਬੜੀ ਭਾਰੀ ਜ਼ਿਮੇਵਾਰੀ ਹੈ।

ਇਸ ਲਈ ਖਾਲਸਾ ਸਾਜਣ ਵਾਲੇ ਪੂਰੇ ਗੁਰੂ ਦੀ ਪੂਰੀ ਬਾਣੀ ਜੋ ਸਾਨੂੰ ਰਹਿਤ ਦ੍ਰਿੜਾਉਂਦੀ ਹੈ, ਉਹ ਰਹਿਤ ਹੀ ਪੂਰੀ ਹੈ। ਉਹ ਰਹਿਤ, 'ਗੁਰਬਾਣੀ-ਰਹਿਤ-ਨਾਮਾ' ਵਖਰੇ ਟ੍ਰੈਕਟ ਵਿੱਚ, ਗੁਰੂ ਜੀ ਦੀ ਓਟ ਲੈ ਕੇ, ਅੰਕਤ ਕਰਨ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ। ਉਮੀਦ ਹੈ ਕਿ ਸਮੂਹ ਸਿਖ ਸੰਗਤਾਂ ਇਸ ਟ੍ਰੈਕਟ ਨੂੰ ਪੜ੍ਹ ਕੇ ਲਾਭ ਉਠਾਉਣਗੀਆਂ ਅਤੇ ਸਿਖੀ ਰਹਿਤ ਮਰਯਾਦਾ ਬਾਰੇ ਆਪਣੇ ਸ਼ੁਭ ਵਿਚਾਰ ਭੇਜਣਗੀਆਂ।



www.AKJ.Org

'ਜੈਤੋ ਦੇ ਮੋਰਚੇ' ਵਿਖੇ ਪੰਡਤ ਨਹਿਰੂ ਨੇ ਗੌਰਵ ਮਹਿਸੂਸ ਕੀਤਾ ਸੀ। ਉਹ ਸਿੱਖ ਕੌਮ, ਜਿਸ ਨੂੰ ਗੁਰਦੁਆਰ ਸੁਧਾਰ ਲਹਿਰ ਦੀ ਸਫਲਤਾ ਦੇ ਮੌਕੇ ਤੇ ਮਹਾਤਮਾ ਗਾਂਧੀ ਨੇ ਵਧਾਈ ਦੀਆਂ ਤਾਰਾਂ ਭੇਜੀਆਂ ਸਨ। ਉਹ ਸਿੱਖ ਕੌਮ, ਜਿਸ ਦੀ ਬਹਾਦਰੀ, ਸੂਰਬੀਰਤਾ, ਆਚਰਣ ਤਕ ਕੇ ਕਦੇ ਮਦਨ ਮੋਹਨ ਮਾਲਵੀਆ ਨੇ ਅਪੀਲ ਕੀਤੀ ਸੀ (ਭਾਵੇਂ ਕਿ ਨਾ ਮਾਲਵੀਆ ਆਪ, ਨਾ ਕੋਈ ਉਹਦਾ ਪਰਵਾਰ ਦਾ ਮੈਂਬਰ, ਰਿਸ਼ਤੇਦਾਰ ਹੀ ਸਿੰਘ ਸਜਿਆ) ਕਿ ਹਰ ਹਿੰਦੂ ਪਰਵਾਰ ਨੂੰ ਆਪਣਾ ਇਕ ਲੜਕਾ 'ਸਿੰਘ' ਸਜਾਉਣਾ ਚਾਹੀਦਾ ਹੈ। ਉਹ ਸਿੱਖ ਕੌਮ, ਜਿਸ ਨਾਲ ਕਦੇ ਆਜ਼ਾਦੀ ਦਾ ਨਿਘ ਮਾਨਣ ਲਈ 'ਖਿੱਤਾ' ਸਥਾਪਤ ਕਰਨ ਦੇ ਵਾਅਦੇ ਕੀਤੇ ਗਏ ਸਨ–ਅਜ਼ਾਦੀ ਮਿਲਦਿਆਂ ਉਹ ਸਿੱਖ ਕੌਮ 'ਜ਼ਰਾਇਮ ਪੇਸ਼ਾ' ਬਣ ਗਈ। ਅਤੇ ਫਿਰ ਅਰੰਭ ਹੋ ਗਿਆ ਪੰਜਾਬ ਦਾ ਸੰਘਰਸ਼, ਦਿੱਲੀ ਦੇ ਹੁਕਮਰਾਨਾਂ ਨਾਲ।

ਲੱਖਾਂ ਗ੍ਰਿਫਤਾਰੀਆਂ, ਹਜ਼ਾਰਾਂ ਸ਼ਹਾਦਤਾਂ ਅਤੇ ਸਾਲਾਂ ਬੱਧੀ ਲੰਬੇ ਸੰਘਰਸ਼ਾਂ ਤੋਂ ਬਾਅਦ ਇਕ ਪਰਾਪਤੀ ਪੰਜਾਬ ਨੂੰ ਹੋਈ, ਭਾਸ਼ਾ ਦੇ ਆਧਾਰ ਤੇ 'ਪੰਜਾਬੀ ਸੂਬੇ' ਦੀ ਸਥਾਪਨਾ। ਪਰ ਫਿਰਕੂ ਜ਼ਹਿਨੀਅਤ ਵਾਲੇ ਸਿਆਸੀ ਲੀਡਰਾਂ ਨੇ 'ਪੰਜਾਬੀ ਸੂਬੇ' ਨੂੰ ਐਸੀ ਬੇਦਰਦੀ ਤੇ ਬੇ-ਰਹਿਮੀ ਨਾਲ ਛਾਂਗਿਆ ਕਿ ਇਸ ਧਰਤੀ ਨਾਲ ਇਨਸਾਫ਼ ਹੋਣ ਦੀ ਬਜਾਏ, ਬੇਇਨਸਾਫ਼ੀਆਂ ਦਾ ਧੱਕਾ ਹੋਰ ਵਧ ਗਿਆ। ਵਡੀ ਹੈਰਾਨੀ ਦੀ ਗੱਲ ਤਾਂ ਇਹ ਕਿ ਇਸੇ ਦੇਸ਼ ਵਿਚ ਭਾਸ਼ਾ ਦੇ ਆਧਾਰ ਤੇ ਹੋਰ ਵੀ ਕਈ ਸੂਬੇ ਬਣੇ, ਪਰ ਨਾ ਤਾਂ ਕਿਸੇ ਨੂੰ ਇਤਨਾ ਲੰਬਾ ਸੰਘਰਸ਼ ਕਰਨਾ ਪਿਆ, ਅਤੇ ਨਾ ਹੀ ਕੋਈ ਮਸਲਾ ਹੱਲ ਕਰਨ ਦੀ ਬਜਾਏ ਪੇਚੀਦਾ ਬਣਾ ਉਲਝਾਇਆ ਗਿਆ। 'ਪੰਜਾਬੀ ਸੂਬੇ' ਦੀ ਸਥਾਪਨਾ ਸਮੇਂ 'ਭਾਸ਼ਾ' ਨੂੰ ਘਟ ਅਤੇ ਫਿਰਕੂ ਆਧਾਰ ਜ਼ਿਆਦਾ ਬਣਾਇਆ ਗਿਆ। ਪੰਜਾਬ ਦੇ ਪੰਜਾਬੀ ਭਾਸ਼ਾਈ ਕੁਝ ਪਿੰਡ ਹਰਿਆਣੇ ਨਾਲ ਜੋੜ ਦਿਤੇ ਅਤੇ ਕੁਝ ਹਿਮਾਚਲ ਪਰਦੇਸ਼ ਨਾਲ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਕੇਂਦਰ ਨੇ ਆਪਣੇ ਪਾਸ ਰੱਖ ਲਈ। ਕੇਂਦਰ ਦੀ ਜ਼ਹਿਨੀਅਤ ਮਸਲਾ ਸੁਲਝਾਉਣ ਦੀ ਬਜਾਏ ਜ਼ਿਆਦਾ ਉਲਝਾ ਕੇ ਇਸ ਵਿਚੋਂ ਸਿਆਸੀ ਲਾਭ ਪਰਾਪਤ ਕਰਨ ਦੀ ਰਹੀ। ਕੇਵਲ ਇਹ ਇਕ ਹੀ ਨਹੀਂ, ਕੇਂਦਰ ਦੀ ਸੋਚੀ ਸਮਝੀ ਸਾਜ਼ਸ਼ ਅਧੀਨ ਰਾਜ ਦੀ ਆਰਥਕ ਲੁਟ, ਇਸ ਦੇ ਕੁਦਰਤੀ ਸੋਮਿਆਂ ਦੀ ਠੱਗੀ, ਸਿੱਖ ਧਰਮ ਅਤੇ ਸਭਿਆਚਾਰ ਨੂੰ ਢਾਹ ਲਾਉਣ ਦੇ ਯਤਨ ਹੁੰਦੇ ਰਹੇ, ਅਤੇ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਨੇ ਇਹ ਬੇਇਨਸਾਫ਼ੀਆਂ ਦੂਰ ਕਰਵਾਉਣ ਲਈ ਸੰਘਰਸ਼ ਜਾਰੀ ਰੱਖੇ।

ਸ੍ਰੀ ਦਰਬਾਰ ਸਾਹਿਬ ਉੱਪਰ ਹੋਏ ਫੌਜੀ ਹਮਲੇ ਅਤੇ ਇੰਦਰਾ ਗਾਂਧੀ ਦੇ ਕਤਲ ਪਿਛੋਂ ਅਕਾਲੀ ਦਲ ਦੇ ਪ੍ਰਧਾਨ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਵਿਚਕਾਰ ਇਕ ਸਮਝੌਤਾ ਹੋਇਆ। ਬੇਸ਼ਕ ਅਕਾਲੀ ਦਲ ਦੇ ਕੁਝ ਅਹਿਮ ਲੀਡਰਾਂ ਨੇ ਵੀ ਇਸ ਦਾ ਵਿਰੋਧ ਕੀਤਾ, ਪਰ ਫਿਰ ਵੀ ਉਹ ਇਸ ਲਈ ਰਜ਼ਾਮੰਦ ਹੋਏ ਕਿ ਚਲੋ ਜੋ ਸਮਝੌਤਾ ਹੋਇਆ ਹੈ, ਉਸ ਨੂੰ ਹੀ ਜਲਦੀ ਲਾਗੂ ਕੀਤਾ ਜਾਵੇ ਤਾਂ ਚੰਗੀ ਗੱਲ ਹੈ, ਪ੍ਰੰਤੂ, ਜਦ ਕਮਿਸ਼ਨਾਂ ਦੇ ਚੱਕਰਾਂ ਨੇ ਇਕ ਵੇਰ ਫਿਰ ਵਿਸ਼ਵਾਸ-ਘਾਤ ਕਰ ਦਿੱਤਾ ਅਤੇ ੨੬ ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ ਤਾਂ ਸਿੱਖ ਕੌਮ ਵਿਚ ਫਿਰ ਗੁੱਸੇ ਤੇ ਵਿਦਰੋਹ ਦਾ ਲਾਵਾ ਫੁੱਟਣਾ ਆਰੰਭ ਹੋ ਗਿਆ। ਕਸੂਰ ਸਰਾ-ਸਰ ਕੇਂਦਰ ਦਾ ਸੀ, ਜਿਸ ਨੇ ਸਮਝੌਤੇ ਨੂੰ ਲਾਗੂ ਕਰਕੇ ਪੰਜਾਬ ਨਾਲ ਇਨਸਾਫ ਕਰਨ ਦੀ ਬਜਾਇ, ਹਰਿਆਣੇ ਵਿਚ ਆਪਣੀ ਪਾਰਟੀ ਨੂੰ ਸਿਆਸੀ ਢਾਹ ਲਗਣੋਂ ਬਚਾਉਣ ਨੂੰ ਤਰਜੀਹ ਦਿੱਤੀ। ਇਸ ਤਰ੍ਹਾਂ ਪੰਜਾਬ ਨੂੰ ਇਨਸਾਫ ਮਿਲਣ ਦਾ ਮੱਸਲਾ ਫਿਰ ਕਮਿਸ਼ਨਾਂ ਦੀ ਧੁੰਧ ਵਿਚ ਓਝਲ ਹੋ ਗਿਆ।

ਪੰਜਾਬ ਨੂੰ ਇਨਸਾਫ ਕਦੋਂ ਮਿਲੇਗਾ ? ਪਿਛਲੇ ਚਾਲੀ ਸਾਲਾਂ ਤੋਂ ਕੌਮ ਵਾਜਬ ਤੇ ਮੰਨਣ ਯੋਗ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੀ ਆ ਰਹੀ ਹੈ। ਸ਼ਾਇਦ ਹੀ ਕਿਸੇ ਕੌਮ ਨੂੰ ਐਸੀਆਂ ਵਾਜਬ ਮੰਗਾਂ ਲਈ ਇਤਨਾ ਲੰਬਾ ਸਮਾਂ ਸੰਘਰਸ਼ ਕਰਨਾ ਪਿਆ ਹੋਵੇ। ਸੰਘਰਸ਼ ਦੇ ਢੰਗ ਤਰੀਕੇ ਵੀ ਬਿਲਕੁਲ ਸੰਵਿਧਾਨਕ ਅਤੇ ਲੋਕ ਤੰਤਰੀ ਰਹੇ ਹਨ। ਹਰ ਚੀਜ਼ ਦੀ ਕੋਈ ਨਾ ਕੋਈ ਹੱਦ ਹੁੰਦੀ ਹੈ ਅਤੇ ਇਸ ਹੱਦ ਤੋਂ ਅੱਗੇ ਨੁਕਸਾਨ ਹੀ ਨੁਕਸਾਨ ਹੈ। ਅੱਜ ਜੋ ਹਾਲਾਤ ਬਣ ਚੁੱਕੇ ਹਨ, ਉਸ ਦੀ ਜ਼ਿੰਮੇਵਾਰੀ ਨਾ ਤਾਂ ਕਿਸੇ ਬਾਹਰੀ ਦੇਸ਼ ਤੇ ਸੁੱਟ ਕੇ ਕੰਨੀ ਖਿਸਕਾਈ ਜਾ ਸਕਦੀ ਹੈ, ਅਤੇ ਨਾ ਕਿਸੇ ਪ੍ਰਬੰਧਕੀ ਅਫਸਰ ਤੇ। ਨਿਰਸੰਦੇਹ ਇਸ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਸਰਕਾਰ ਤੇ ਹੈ, ਜਿਸ ਨੇ ਅਕਾਲੀ ਦਲ ਦੇ


www.AKJ.Org

# ਸਿਖਾਂ ਦੀ ਮਾਰਸ਼ਲ ਸਪਿਰਿਟ ਤੇ ਅਥਾਹ ਕੁਰਬਾਨੀ ਦਾ ਜਜ਼ਬਾ

[ਸ: ਨਰੈਣ ਸਿੰਘ ਜੀ ਐਮ. ਏ., ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਦੁਨੀਆ ਭਰ ਦੀ ਸਾਰੀ ਮਨੁਖ ਜਾਤੀ ਵਿਚ ਸਿਖਾਂ ਦੀ ਵਸੋਂ ਨਾਮ ਮਾਤਰ ਹੀ ਹੈ। ਹਿੰਦੁਸਤਾਨ, ਜੋ ਸਿਖਾਂ ਦੀ ਜਨਮ ਭੂਮੀ ਹੈ, ਵਿਚ ਵੀ ਸਿਖ ਆਬਾਦੀ ੧.੮ ਫ਼ੀ ਸਦੀ ਅਥਵਾ ਹਰ ਸੌ ਮਨੁਖਾਂ ਵਿਚ ਸਿਖ ਦੋ ਤੋਂ ਵੀ ਘਟ ਹਨ। ਪ੍ਰੰਤੂ ਏਨੀ ਘਟ ਗਿਣਤੀ ਹੁੰਦੇ ਹੋਏ ਸਿਖ ਆਪਣੀ ਸ਼ਕਲ ਸੂਰਤ (ਦਾੜ੍ਹੀ ਅਤੇ ਸਿਰ ਪਰ ਕੇਸ ਤੇ ਦਸਤਾਰ) ਸਦਕਾ ਅਤੇ ਦਲੇਰੀ, ਸੂਰਬੀਰਤਾ, ਨਿਡਰਤਾ ਤੇ ਅਤੀਅੰਤ ਮਿਹਨਤੀ ਸੁਭਾ ਹੋਣ ਕਰਕੇ ਸਮੂਹ ਸੰਸਾਰ ਅੰਦਰ ਜਾਣੇ ਜਾਂਦੇ ਹਨ। ਪਹਿਲੇ ਸਮਿਆਂ ਅਥਵਾ ਅਠਾਰ੍ਹਵੀਂ ਸਦੀ ਦੇ ਅੰਤ ਤਕ ਇਨ੍ਹਾਂ ਦੀ ਸਚਾਈ ਇਕ ਮੰਨੀ ਹੋਈ ਗੱਲ ਸੀ ਅਤੇ ਆਪਣੇ ਸਿਦਕ ਵਿਚ ਏਨੇ ਪੱਕੇ ਸਨ ਕਿ ਜਾਨ ਬੇਸ਼ਕ ਚਲੀ ਜਾਏ, ਸਿਦਕ ਨਹੀਂ ਛਡਦੇ ਸਨ।

ਇਨ੍ਹਾਂ ਦੀਆਂ ਅਜਿਹੀਆਂ ਖ਼ੂਬੀਆਂ ਹੀ ਕਾਰਨ ਸਨ ਕਿ ਕੇਵਲ ਮੁਠੀ ਭਰ ਹੁੰਦੇ ਹੋਏ ਇਨ੍ਹਾਂ ਉਸ ਸਮੇਂ ਦੀ ਮੁਗ਼ਲ ਹਕੂਮਤ ਅਤੇ ਬਾਹਰ ਤੋਂ ਹਮਲੇ ਕਰਨ ਵਾਲੇ ਨਾਦਰ ਅਤੇ ਅਬਦਾਲੀ ਜਿਹੇ ਜਾਬਰ ਪਠਾਣਾਂ ਦੇ ਗੋਡੇ ਲੁਆ ਦਿਤੇ ਅਤੇ ਭਾਵੇਂ ਹਜ਼ਾਰਹਾ ਦੀ ਗਿਣਤੀ ਵਿਚ ਇਹ ਮਾਰੇ ਗਏ, ਬਲਕਿ ਅਠਾਰ੍ਹਵੀਂ ਸਦੀ ਵਿਚ ਸੰਬੰਧਤ ਹੁਕਮਰਾਨਾ ਵਲੋਂ ਵਾਰ ਵਾਰ ਵਾਰ ਅਜਿਹੇ ਹੁਕਮ ਜਾਰੀ ਕਰਨ, ਕਿ ਸਿਖ ਜਿਥੇ ਵੀ ਨਜ਼ਰ ਪਵੇ ਕਤਲ ਕਰ ਦਿਤਾ ਜਾਏ, ਦੇ ਬਾਵਜੂਦ, ਇਨ੍ਹਾਂ ਦੀ ਚੜ੍ਹਦੀ ਕਲਾ ਵਿਚ ਫ਼ਰਕ ਨਹੀਂ ਪਿਆ ਅਤੇ ਉਸ ਸਦੀ ਦੇ ਅੰਤਲੇ ਦਹਾਕਿਆਂ ਤਕ ਇਹ ਮੁਠੀ ਭਰ ਸਿਖ ਸਾਰੇ ਪੰਜਾਬ (ਦਿੱਲੀ ਤੋਂ ਕਾਬਲ ਤਕ) ਛਾ ਗਈ ਅਤੇ ੧੭੯੯ ਵਿਚ ਇਨ੍ਹਾਂ ਪੰਜਾਬ ਅੰਦਰ 'ਸਰਕਾਰ ਖਾਲਸਾ' ਕਾਇਮ ਕਰ ਲਈ। ਭਾਵੇਂ ਸਰਕਾਰ ਖਾਲਸਾ ਦੀ ਧਾਂਕ ਕੇਵਲ ਪੰਜਾਹ ਕੁ ਸਾਲ ਹੀ ਰਹਿ ਸਕੀ, ਜਿਸ ਪਿਛੋਂ ਇਨ੍ਹਾਂ ਦੀ ਆਪੋ ਵਿਚ ਦੀ ਫੁਟ ਅਤੇ ਭਰਾ-ਮਾਰੂ ਨੀਤੀ ਅਤੇ ਡੋਗਰੇ ਰਾਜਾ ਧਿਆਨ ਸਿੰਘ ਅਤੇ ਸਿਖ ਫ਼ੌਜਾਂ ਦੇ ਭਈਏ ਜਰਨੈਲ ਸਿੰਘ ਲਾਲ ਸਿੰਘ ਦੇ ਵਿਸਾਹਘਾਤ ਕਾਰਨ ਇਨ੍ਹਾਂ ਨੂੰ ਹੇਠੀ ਦਾ ਮੂੰਹ ਵੇਖਣਾ ਪਿਆ ਅਤੇ ਇਹ ਆਪਣਾ ਰਾਜ ਭਾਗ ਗਵਾ ਬੈਠੇ।

ਅੰਗਰੇਜ਼ ਦੀ ਕੁਟਲ ਨੀਤੀ ਤੇ ਆਪਸੀ ਫੁਟ ਕਾਰਨ ਭਾਵੇਂ ਇਹ ਰਾਜ ਵਲੋਂ ਤਾਂ ਹਥ ਧੋ ਬੈਠੇ, ਪਰ ਅੰਗਰੇਜ਼ ਦੇ ਮਨ ਤੇ ਇਨ੍ਹਾਂ ਆਪਣੀ ਦਲੇਰੀ ਤੇ ਸੂਰਬੀਰਤਾ ਦੀ ਐਸੀ ਛਾਪ ਲਾ ਦਿਤੀ ਸੀ ਕਿ ਥੋੜਾ ਸਮਾਂ ਬੀਤਣ ਉਪ੍ਰੰਤ ਅੰਗਰੇਜ਼ ਨੇ ਇਨ੍ਹਾਂ ਲਈ ਫ਼ੌਜੀ ਨੌਕਰੀ ਦਾ ਰਾਹ ਖੋਲ੍ਹ ਦਿਤਾ। ਅੰਗਰੇਜ਼ ਦੀਆਂ ਹਿੰਦੁਸਤਾਨੀ ਫ਼ੌਜਾਂ ਵਿਚ ਸਿਖ ਗਿਣਤੀ ਦਿਨੋ ਦਿਨ ਵਧਣ ਲਗੀ ਅਤੇ ਥੋੜੇ ਸਮੇਂ ਵਿਚ ਇਹ ੩੦ ਫ਼ੀ ਸਦੀ ਤਕ ਪੁਜ ਗਈ।

ਭਾਵੇਂ ਸਿਖਾਂ ਨੇ ਘਰਾਂ ਵਿਚ ਬੇਰੁਜ਼ਗਾਰ ਬੈਠੇ ਰਹਿਣ ਨਾਲੋਂ ਫ਼ੌਜੀ ਨੌਕਰੀ ਕਰ ਲੈਣ ਨੂੰ ਤਰਜੀਹ ਦਿਤੀ ਅਤੇ ਬਹੁਤ ਸਾਰੇ ਸਿਖ ਨੌਕਰ ਹੋ ਗਏ, ਪ੍ਰੰਤੂ ਵਿਚ ਵਿਚ ਐਸੇ ਸਿੰਘ ਵੀ ਸਨ ਜੋ ਬਦੇਸ਼ੀ ਸਰਕਾਰ ਦਾ ਨੌਕਰ ਹੋਣ ਨੂੰ ਬੁਰਾ ਸਮਝਦੇ ਸਨ। ਇਨ੍ਹਾਂ ਵਿਚ ਹੀ ਬਾਬਾ ਰਾਮ ਸਿੰਘ ਨਾਮਧਾਰੀ ਸਨ। ਉਨ੍ਹਾਂ ਨੇ ਸਰਕਾਰ ਨਾਲ ਨਾ-ਮਿਲਵਰਤਣ ਦੀ ਲਹਿਰ ਉਸ ਸਮੇਂ ਚਲਾਈ ਜਦੋਂ ਕਾਂਗ੍ਰਸ ਅਜੇ ਜਨਮੀ ਭੀ ਨਹੀਂ ਸੀ। ਇਸ ਦੇ ਨਾਲ ਹੀ ਨਾਮਧਾਰੀ ਸਿੰਘਾਂ ਨੂੰ ਸਰਕਾਰ ਦੇ ਵਿਰੋਧ ਲਈ ਇਹ ਬਹਾਨਾ ਭੀ ਮਿਲ ਗਿਆ ਸੀ ਕਿ ਉਨ੍ਹਾਂ ਬੁੱਚੜਖਾਨੇ ਚਾਲੂ ਕੀਤੇ ਅਤੇ ਇਨ੍ਹਾਂ ਵਿਚ ਗਊ-ਕਸ਼ੀ ਦੀ ਆਗਿਆ ਦੇ ਰਖੀ ਸੀ। ਨਾਮਧਾਰੀਆਂ ਬੁੱਚੜਖਾਨਿਆਂ ਤੇ ਹਮਲਾ ਕਰ ਕੇ ਕਈ ਬੁੱਚੜ ਮਾਰ

---

✿ ਨੁਮਾਇੰਦਿਆਂ ਨਾਲ ਹਰ ਮੀਟਿੰਗ ਵਿਚ ਸਾਰੀਆਂ ਮੰਗਾਂ ਨੂੰ ਜਾਇਜ਼ ਅਤੇ ਮੰਨਣ ਯੋਗ ਵੀ ਮੰਨਿਆ, ਪਰ ਆਪਣੀਆਂ ਸਿਆਸੀ ਮੱਸਲਤਾਂ ਨੂੰ ਮੁੱਖ ਰੱਖ ਕੇ ਕੀਤਾ ਕੁਝ ਵੀ ਨਾ। ਪਰ ਜੇਕਰ ਅੱਜ ਕੇਂਦਰ ਨੇ ਸਿੱਖ ਕੌਮ ਦੀ ਮਾਨਸਿਕਤਾ ਨੂੰ ਭਾਂਪਣ ਦੀ ਕੋਸ਼ਿਸ਼ ਨਾ ਕੀਤੀ ਤਾਂ ਇਹ ਮਹਾਂਰਥੀ ਆਪਣੀ ਸਿਆਸੀ ਪਾਰਟੀ ਨੂੰ ਬਚਾਉਂਦਿਆਂ ਬਚਾਉਂਦਿਆਂ ਦੇਸ਼ ਦਾ ਐਸਾ ਨੁਕਸਾਨ ਕਰਵਾ ਬੈਠਣਗੇ ਕਿ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਨੂੰ ਲਾਹਨਤਾਂ ਪਾਇਆ ਕਰਨਗੀਆਂ।



www.AKJ.Org

ਦਿਤੇ ਅਤੇ ਇਕ ਫ਼ੌਜੀ ਸੈਂਟਰ ਅੰਦਰ ਭੀ ਬਗ਼ਾਵਤ ਕਰ ਦਿਤੀ; ਜਿਸ ਤੇ ੯੫ ਨਾਮਧਾਰੀਆਂ ਦਾ ਕੋਰਟ ਮਾਰਸ਼ਲ ਹੋਇਆ। ੧੮੭੨ ਵਿਚ ਇਨ੍ਹਾਂ ਇਕ ਸਰਕਾਰੀ ਅਸਲਾ ਘਰ ਲੁਟਿਆ ਤੇ ਕਈ ਹਥਿਆਰ ਲੈ ਗਏ, ਜਿਸ ਕਾਰਨ ਬਾਬਾ ਰਾਮ ਸਿੰਘ ਅਤੇ ਉਨ੍ਹਾਂ ਦੇ ਬਾਰ੍ਹਾਂ ਹੋਰ ਸਾਥੀਆਂ ਨੂੰ ਦੇਸ਼-ਨਿਕਾਲਾ ਦੇ ਕੇ ਬਰਮਾ ਅੰਦਰ ਕੈਦ ਕੀਤਾ ਗਿਆ, ਅਤੇ ਅਸਲਾ ਲੁਟਣ ਵਾਲੇ ੬੪ ਨਾਮਧਾਰੀ ਤੋਪਾਂ ਸਾਮ੍ਹਣੇ ਖੜੇ ਕਰ ਕੇ ਉੜਾ ਦਿਤੇ ਗਏ।

ਇਸ ਦੌਰਾਨ ਅੰਗਰੇਜ ਨੂੰ ਦੋ ਵਿਸ਼ਵ ਜੰਗਾਂ—੧੯੧੪ ਅਤੇ ੧੯੩੯ ਵਿਚ ਭਾਗ ਲੈਣਾ ਪਿਆ ਅਤੇ ਹਿੰਦੁਸਤਾਨੀ ਫ਼ੌਜਾਂ, ਜਿਨ੍ਹਾਂ ਵਿਚ ਕਾਫ਼ੀ ਗਿਣਤੀ ਵਿਚ ਸਿਖ ਸਨ, ਨੂੰ ਯੂਰਪ, ਅਫ਼ਰੀਕਾ ਅਤੇ ਮਧ ਏਸ਼ੀਆ ਵਿਚ ਕਿਤਨੀਆਂ ਹੀ ਲੜਾਈਆਂ ਲੜਨੀਆਂ ਪਈਆਂ, ਜਿਨ੍ਹਾਂ ਵਿਚ ਸਿਖਾਂ ਦੀ ਬਹਾਦਰੀ ਦੀ ਧਾਂਕ ਪੈ ਗਈ। ਇਸੇ ਸਦਕਾ ਸਿਖ ਦੁਨੀਆ ਦੇ ਕੋਨੇ ਕੋਨੇ ਅੰਦਰ ਜਾਣੇ ਜਾਣ ਲਗੇ।

ਉਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਅੰਦਰ ਹਿੰਦੁਸਤਾਨ ਨੂੰ ਅੰਗਰੇਜ਼ ਤੋਂ ਆਜ਼ਾਦ ਕਰਾਉਣ ਦੀ ਲਹਿਰ ਸ਼ੁਰੂ ਹੋ ਗਈ ਸੀ। ਇਹੋ ਸਮਾਂ ਹੀ ਪੰਜਾਬ ਅੰਦਰ ਈਸਾਈ ਮਿਸ਼ਨਰੀਆਂ, ਕਾਦੀਆਂ ਦੇ ਮਿਰਜ਼ਈਆਂ ਅਤੇ ਸੁਆਮੀ ਦਯਾ ਨੰਦ ਦੀ ਚਲਾਈ ਆਰੀਆ ਸਮਾਜੀ ਲਹਿਰਾਂ ਦੇ ਜ਼ੋਰ ਫੜਨ ਦਾ ਸੀ, ਜਿਨ੍ਹਾਂ ਦੇ ਪਰਚਾਰ ਅਧੀਨ ਸਿਖ ਨੌਜਵਾਨਾਂ ਨੂੰ ਸਿਖੀ ਵਲੋਂ ਮੂੰਹ ਮੋੜ ਕੇ ਇਨ੍ਹਾਂ ਅੰਦਰ ਸ਼ਾਮਲ ਹੋਣ ਦੀ ਪ੍ਰੇਰਨਾ ਮਿਲ ਰਹੀ ਸੀ, ਜਿਸ ਤੋਂ ਸਿਖਾਂ ਨੂੰ ਸੁਚੇਤ ਕਰਨ ਲਈ ਸੰਨ ੧੮੭੨ ਵਿਚ ਸਿੰਘ ਸਭਾ ਦੀ ਸਥਾਪਨਾ ਹੋਈ ਅਤੇ ਥਾਂ ਪਰ ਥਾਂ ਸਿੰਘ ਸਭਾਵਾਂ ਕਾਇਮ ਹੋ ਕੇ ਸਿਖੀ ਪਰਚਾਰ ਅਰੰਭ ਹੋਇਆ. ਇਸ ਤੋਂ ਛੇਤੀ ਪਿਛੋਂ ਸਿਖ ਐਜੂਕੇਸ਼ਨਲ ਕਮੇਟੀ ਦੀ ਸਰਪ੍ਰਸਤੀ ਹੇਠ ਥਾਉਂ ਥਾਈਂ ਖਾਲਸਾ ਸਕੂਲ ਖੋਲ੍ਹਣੇ ਅਰੰਭ ਹੋਏ।

ਇਸ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਟਾਵੇਂ ਟਾਵੇਂ ਸਿਖ ਨੌਕਰੀਆਂ ਦੀ ਭਾਲ ਵਿਚ ਪਰਦੇਸੀਂ ਜਾਣੇ ਸ਼ੁਰੂ ਹੋ ਗਏ ਸਨ, ਪਹਿਲੋਂ ਸ਼ਿੰਘਾਈ, ਹਾਂਗ ਕਾਂਗ, ਸਿੰਗਾਪੁਰ ਆਦਿ ਥਾਈਂ, ਪਰ ਜਲਦੀ ਹੀ ਵਧੇਰੇ ਰੁਖ਼ ਕੈਨੇਡਾ ਵੱਲ ਹੋਇਆ ਅਤੇ ਬਹੁਤ ਸਾਰੇ ਸਿਖਾਂ ਨੇ ਕੈਨੇਡਾ ਵਿਚ ਫ਼ਾਰਮ ਕਾਇਮ ਕਰ ਲਏ ਅਤੇ ਕਈ ਤਰ੍ਹਾਂ ਦੇ ਹੋਰ ਵਿਹਾਰ-ਕਾਰ ਕਰਨੇ ਅਰੰਭ ਦਿਤੇ। ਸੰਨ ੧੯੧੪ ਦੀ ਕਾਮਾਗਾਟਾ ਮਾਰੂ ਜਹਾਜ਼ ਦੀ ਵਾਰਤਾ ਅਤੇ ਕੈਨੇਡਾ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਦੀ ਲਹਿਰ ਵਿਸ਼ੇਸ਼ ਕਰਕੇ ਉਥੇ ਜਾ ਵਸੇ ਸਿਖਾਂ ਵਲੋਂ ਚਲਾਈ ਗਈ ਸੀ, ਜਿਸ ਦੇ ਫਲ-ਸਰੂਪ ਪੰਜਾਬ ਅੰਦਰ ਕੈਨੇਡਾ ਤੋਂ ਵਾਪਸ ਮੁੜੇ ਬਹੁਤ ਸਾਰੇ ਸਿਖਾਂ ਤੇ ਸਾਜ਼ਸ਼ (Conspiracy) ਕੇਸ ਚਲਾਏ ਗਏ, ਜਿਸ ਦੇ ਸਿਟੇ ਵਜੋਂ ਕਿਤਨੇ ਹੀ ਸਿਖ ਫਾਂਸੀ ਲਗੇ, ਕਈ ਉਮਰ ਭਰ ਲਈ ਕਾਲੇ ਪਾਣੀ ਭੇਜੇ ਗਏ ਅਤੇ ਕਈਆਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ। ੧੯੧੪ ਤੋਂ ੧੯੧੮ ਦੇ ਵਿਸ਼ਵ ਜੰਗ, ਉਪ੍ਰੰਤ ਹਿੰਦੁਸਤਾਨ ਅੰਦਰ ਰੌਲਟ ਐਕਟ ਦਾ ਲਾਗੂ ਹੋਣਾ ਅਤੇ ਇਸ ਦੇ ਫਲ-ਸਰੂਪ ੧੯੧੯ ਦਾ ਪੰਜਾਬ ਅੰਦਰ ਮਾਰਸ਼ਲ-ਲਾਅ ਅਤੇ ੧੩ ਅਪ੍ਰੈਲ ੧੯੧੯ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲਾ ਬਾਗ ਕਾਂਡ, ਇਸੇ ਦੇਸ਼ ਆਜ਼ਾਦ ਕਰਾਉਣ ਦੀ ਲਹਿਰ ਦੀਆਂ ਘਟਨਾਵਾਂ ਸਨ, ਜਿਨ੍ਹਾਂ ਵਿਚ ਸਿਖ ਆਪਣੀ ਅਤਿ ਕਲੀਲ ਗਿਣਤੀ ਦੇ ਬਾਵਜੂਦ ਸਾਰੀਆਂ ਹਿੰਦ ਵਾਸੀ ਕੌਮਾਂ (ਹਿੰਦੂ, ਮੁਸਲਮਾਨ, ਈਸਾਈ, ਬੋਧੀ ਆਦਿ) ਤੋਂ ਪੇਸ਼ ਰਿਹਾ ਹੈ। ਦੇਸ਼ ਦੀ ਆਜ਼ਾਦੀ ਹਿਤ ਫਾਂਸੀ ਚੜ੍ਹਾਏ ਗਏ ੧੨੧ ਸੂਰਬੀਰਾਂ ਵਿਚੋਂ ੯੩ ਸਿਖ ਸਨ ਅਤੇ ਉਮਰ ਕੈਦ ਕਾਲੇ ਪਾਣੀ ਭੇਜੇ ੨੬੪੬ ਵਿਚੋਂ ੨੧੪੭ ਸਿਖ ਸਨ। ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ, ਜਿਨ੍ਹਾਂ ਉਪਰ ਬਜ ਬਜ (ਕਲਕਤਾ) ਦੇ ਘਾਟ ਤੇ ਗੋਲੀ ਚਲਾਈ ਗਈ ਸੀ, ਅੰਦਰ ਮਰੇ ੨੨ ਮੁਸਾਫ਼ਰ ਸਾਰੇ ਹੀ ਸਿਖ ਸਨ ਅਤੇ ਜਲ੍ਹਿਆਂ ਵਾਲਾ ਬਾਗ ਅੰਦਰ ਗੋਲੀ ਦਾ ਨਿਸ਼ਾਨਾ ਹੋ ਗਏ ੧੩੦੦ ਵਿਚੋਂ ੭੯੯ ਸਿਖ ਸਨ। ਇਸ ਤਰ੍ਹਾਂ ਹੋਰ ਸਾਰੇ ੧੦੫੮ ਹਿੰਦ ਵਾਸੀਆਂ ਦੇ ਮੁਕਾਬਲੇ ਵਿਚ ਦੇਸ਼ ਹਿਤ ਕੁਰਬਾਨ ਹੋਏ ਸਿਖਾਂ ਦੀ ਗਿਣਤੀ ੩੦੩੧ ਸੀ।

ਇਹ ਸਾਰਾ ਕੁਝ ਦੇਸ਼ ਦੀ ਆਜ਼ਾਦੀ ਹਿਤ ਸਿਖਾਂ ਵਲੋਂ ਦਿਤੀ ਗਈ ਕੁਰਬਾਨੀ ਦੀ ਮਹੱਤਵ ਪੂਰਨ ਤਸਵੀਰ ਪੇਸ਼ ਕਰਦਾ ਹੈ।

ਉਪ੍ਰੰਤ ਸੰਨ ੧੯੨੦ ਤੋਂ ੧੯੨੫ ਤਕ ਗੁਰਦੁਆਰੇ ਆਜ਼ਾਦ ਕਰਾਉਣ ਹਿਤ ਸਿਖਾਂ ਨੇ ਜੋ ਘਾਲਣਾਂ


www.AKJ.Org

ਘਾਲੀਆਂ—ਕਈ ਸੌ ਸਿੰਘ ਸ਼ਹੀਦ ਹੋ ਗਏ, ੧੭੦੦ ਸਿੰਘ ਗੁਰੂ ਕੇ ਬਾਗ ਦੇ ਮੋਰਚੇ ਵਿਚ ਸੰਮਾਂ ਵਾਲੀਆਂ ਡਾਂਗਾਂ ਨਾਲ ਬੇਤਹਾਸ਼ਾ ਮਾਰੇ ਕੁਟੇ ਗਏ, ਕਈ ਅੰਗ-ਹੀਨ ਹੋਏ, ਕਈ ਉਮਰ ਭਰ ਲਈ ਨਕਾਰੇ ਤੇ ਰੋਗੀ ਹੋ ਗਏ, ੫੬੦੫ ਨੌਜਵਾਨ, ਬੁਢੇ ਤੇ ਬੱਚੇ ਜੇਲ੍ਹਾਂ ਅੰਦਰ ਸੁਟੇ ਗਏ, ਜਿਥੇ ਹਡ-ਭੰਨਵੀਂ ਮੁਸ਼ੱਕਤ ਨੇ ਕਈਆਂ ਨੂੰ ਸਦਾ ਲਈ ਨਕਾਰਾ ਕਰ ਦਿਤਾ। ਪ੍ਰੰਤੂ ਇਹ ਸਾਰਾ ਕੁਝ ਸਿੰਘਾਂ ਨੇ ਸਮੇਂ ਦੀ ਕਾਂਗ੍ਰਸ ਵਲੋਂ ਅਦਮ-ਤਸ਼ੱਦਦ (ਅਗੋਂ ਹੱਥ ਨਾ ਉਠਾਉਣ) ਦੇ ਫ਼ੈਸਲੇ ਤੇ ਫੁਲ ਚੜ੍ਹਾਉਂਦੇ ਹੋਏ ਕੀਤਾ, ਜਿਹੋ ਜਿਹਾ ਹੋਰ ਕਿਸੇ ਕੌਮ—ਹਿੰਦੂ ਮੁਸਲਮਾਨ ਤੋਂ ਨਹੀਂ ਬਣ ਸਰ ਸਕਿਆ। ਉਸ ਸਮੇਂ ਦੇ ਹਿੰਦੂ ਤੇ ਮੁਸਲਮਾਨ ਅਖ਼ਬਾਰ ਸਿਖਾਂ ਦੀਆਂ ਅਜਿਹੀਆਂ ਬੇਮਿਸਾਲ ਕੁਰਬਾਨੀਆਂ ਤੇ ਬਹਾਦਰੀਆਂ ਨੂੰ ਵੇਖ ਵੇਖ ਉਂਗਲਾਂ ਟੁਕਦੇ, ਸਗੋਂ ਉਨ੍ਹਾਂ ਨੇ ਆਪਣੇ ਅਖ਼ਬਾਰਾਂ ਵਿਚ ਵਿਸ਼ੇਸ਼ ਲੇਖ ਤੇ ਕਵਿਤਾਵਾਂ ਲਿਖੀਆਂ। ਨਮੂਨੇ ਮਾਤਰ ਪੜ੍ਹੋ ਹੇਠਾਂ ਦਿਤੇ ਸ਼ੇਅਰ :

ਨੁਸਰਤ ਹਮ-ਰਕਾਬ ਉਠਾਓ ਜਿਧਰ ਕਦਮ, ਤੁਮ ਕੋ ਮਿਲੇਗਾ ਫ਼ਤਿਹ ਕਾ ਤਮਗਾ ਅਕਾਲੀਓ।
ਸ੍ਵੈ-ਰਾਜ ਕਾ ਜੋ ਰਾਜ ਹੋ ਅਪਨੇ ਦੇਸ ਮੇਂ, ਹੋਗਾ ਤੁਮਾਰੇ ਹਾਥ ਮੇਂ ਝੰਡਾ ਅਕਾਲੀਓ।
(ਬੰਦੇ ਮਾਤਰਮ, ਲਾ: ਲਾਜਪਤ ਰਾਇ, ਸੰਨ ੧੯੨੨)

ਤੇਰੀ ਕੁਰਬਾਨੀਉਂ ਕੀ ਧੂਮ ਹੈ ਆਜ ਜ਼ਮਾਨੇ ਮੇਂ, ਬਹਾਦਰ ਹੈ ਅਗਰ ਕੋਈ ਤੋ ਵੁਹ ਤੂੰ ਐ ਅਕਾਲੀ ਹੈ।
(ਕਵੀ ਮੇਲਾ ਰਾਮ)

ਬਹਾਦਰੀ ਮੇਂ ਵੁਹ ਯਕਤਾ ਹੈਂ ਸਾਥ ਹੀ ਲੇਕਨ, ਨਹੀਂ ਹੈਂ ਕੁਵਤੇ ਬਰਦਾਸ਼ਤ ਮੇਂ ਭੀ ਖ਼ਾਲੀ ਸਿਖ।
(ਸਈਅਦ ਹਬੀਬ, ਐਡੀਟਰ 'ਸਿਆਸਤ')

ਕੌਮ ਕੇ ਹਾਥ ਲਰਜ਼ਤੇ ਥੇ, ਅਕਾਲੀ ਸ਼ਾਬਾਸ਼, ਖ਼ੂਬ ਸ੍ਵੈ-ਰਾਜੀਏ ਕੇ ਝੰਡੇ ਕੋ ਸੰਭਾਲਾ ਤੂ ਨੇ।
(ਮੁਸਲਮ ਅਖ਼ਬਾਰ 'ਦਰਪਨ')

ਦੂਜੇ ਵਿਸ਼ਵ ਜੰਗ ਸਮੇਂ ਸੰਨ ੧੯੪੨ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਜਨਰਲ ਮੋਹਨ ਸਿੰਘ ਨੇ ਇੰਡੀਅਨ ਨੈਸ਼ਨਲ ਕੋਰ (I. N. A.) ਦੀ ਸਥਾਪਨਾ ਕੀਤੀ, ਜਿਸ ਵਿਚ ਸ਼ਾਮਲ ਹੋਏ ਹਿੰਦੁਸਤਾਨੀ ਫ਼ੌਜਾਂ ਦੇ ੪੨,੦੦੦ ਬਾਗ਼ੀਆਂ ਵਿਚੋਂ ੨੮,੦੦੦ ਸਿਖ ਸਨ ਅਤੇ ਨੇਤਾ ਜੀ ਬੋਸ ਨੂੰ ਅਮਨ ਅਮਾਨ ਅੰਗ੍ਰੇਜ਼ ਹਥੋਂ ਬਚਾ ਲੈ ਜਾਣ ਵਾਲੇ ਸਾਰੇ ਹੀ ਸਿਖ ਸਨ। ਉਸ ਸਮੇਂ ਇਸ ਨੈਸ਼ਨਲ ਕੋਰ ,ਦੀ ਸਥਾਪਨਾ ਹੀ ਅਸਲ ਕਾਰਨ ਸੀ ਅੰਗ੍ਰੇਜ਼ ਸਰਕਾਰ ਦੀ ਬੇਦਿਲੀ ਦਾ, ਜਿਸ ਨੇ ਅੰਗ੍ਰੇਜ਼ ਨੂੰ ਹਿੰਦੁਸਤਾਨ ਛਡ ਜਾਣ ਲਈ ਮਜਬੂਰ ਕੀਤਾ।

['ਕਿਉਂ ਕੀਤੋ ਵੇਸਾਹੁ' ਵਿਚੋਂ


# 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ:ਸਾਹਿਬ ਕ੍ਰਿਤ) | ੦-੭੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੪੫ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ | | | ੦-੭੫ |
| ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੩ ਖੋਜ-ਭਰੇ ਲੇਖ ਸ਼ਾਮਲ ਹਨ) | | | —— |
| ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਪੂਰਨ ਲੇਖ | | | ੧-੦੦ |





www.AKJ.Org

# ਰੁੜ੍ਹਦਾ ਪੰਥ ਤੇ ਖੁਰਦਾ ਪੰਜਾਬ ਬਚਾਓ

[ਸ: ਜਸਵੰਤ ਸਿੰਘ ਜੀ ਕੰਵਲ]

ਪਾਠਕਾਂ ਦੀ ਜਾਣਕਾਰੀ ਲਈ ਅਸੀਂ ਥਲੇ ਸ: ਜਸਵੰਤ ਸਿੰਘ ਕੰਵਲ ਦੀ ਖੁਲ੍ਹੀ ਚਿਠੀ ਛਾਪ ਰਹੇ ਹਾਂ, ਜਿਸ ਵਿਚ ਉਨ੍ਹਾਂ ਨੇ ਕੌਮ ਦੇ ਲੀਡਰਾਂ ਨਾਲ ਆਪਣੇ ਦਿਲੀ ਜਜ਼ਬਾਤ ਸਾਂਝੇ ਕੀਤੇ ਹਨ। ਸੱਚੀ ਗੱਲ ਹਮੇਸ਼ਾ ਕੌੜੀ ਹੁੰਦੀ ਹੈ, ਪਰ ਜਦੋਂ ਉਹ ਤ੍ਰਿਸੇ ਦੁਖਿਤ ਹਿਰਦੇ ਵਿਚੋਂ ਨਿਕਲੇ ਤਾਂ ਹੋਰ ਵੀ ਖਰ੍ਹਵੀ ਹੋ ਜਾਂਦੀ ਹੈ। ਸੋ ਚਿਠੀ ਵਿਚੋਂ ਜੇ ਕਿਸੇ ਲੀਡਰ ਜਾਂ ਪਾਠਕ ਨੂੰ ਕੋਈ ਸ਼ਬਦ ਚੁਭਵੇਂ ਭਾਸਣ ਤਾਂ ਉਹ ਉਪਰੋਕਤ ਕਥਨ ਦੇ ਚਾਨਣੇ ਵਿਚ ਇਹਨੂੰ ਲਿਖਾਰੀ ਦੇ ਹਿਰਦੇ ਦੀ ਵੇਦਨਾ ਹੀ ਸਮਝੇ। —ਸੰਪਾਦਕ

ਪਿਆਰੇ ਤੇ ਖ਼ੁਦਗਰਜ਼ ਲੀਡਰੋ! ਕੌੜੇ ਸ਼ਬਦ ਲਈ ਖਿਮਾ, ਪਰ ਹੈ ਸਹੀ, ਗੁਰ ਫਤਹ ਤਾਂ ਆਖਣੀ ਪਏਗੀ ਹੀ, ਪਰ ਜੀ ਨਹੀਂ ਮੰਨਦਾ। ਇਕ ਵਾਰ ਨਿਰਦੋਸ਼ ਹਰੀਜਨ ਔਰਤ ਨੂੰ ਟੱਬਰ ਦੇ ਸਾਰੇ ਜੀਆਂ ਬਾਰੀ ਬਾਰੀ ਕੁੱਟ ਕੇ ਲਹੂ-ਲੁਹਾਣ ਕਰ ਸੁੱਟਿਆ। ਵਿਚਾਰੀ ਹਾਉਕੇਹਾਰ ਅੱਕੀ ਥੱਕੀ ਬਦਦੁਆ ਵਿਚ ਉਭਾਸਰੀ: 'ਤੁਹਾਡਾ ਥਿਹ ਹੋ ਜੇ ਗੜੀ ਪੈਨਿਓਂ, ਤੁਹਾਨੂੰ ਪੈ ਜੇ ਡਾਲੂ, ਸੁੱਤੇ ਹੀ ਰਹਿ ਜਾਉ ਸਵੇਰ ਨੂੰ, ਤੁਹਾਡਾ ਮੁੱਕੇ ਸਿਆਪਾ!' ਅੱਜ ਵੱਢੇ ਟੁੱਕੇ ਪੰਜਾਬ ਦੀ ਰੂਹ ਕੁਝ ਇਸ ਤਰ੍ਹਾਂ ਦੀਆਂ ਦੁਰਸੀਸਾਂ ਅਕਾਲੀ ਲੀਡਰਾਂ ਨੂੰ ਦੇ ਰਹੀ ਹੈ।

ਪੰਜਾਬ ਦੇ ਭੋਲੇ ਕਿਸਾਨਾਂ ਤੇ ਪੰਥ ਦਰਦੀ ਸਿੱਖਾਂ ਜਿਹਨਾਂ ਤੁਹਾਡੇ ਆਖੇ ਆਪਣਾ ਖ਼ੂਨ ਡੋਲ੍ਹਿਆ, ਛਾਤੀਆਂ ਵਿਚ ਗੋਲੀਆਂ ਖਾਧੀਆਂ, ਜੇਲ੍ਹਾਂ ਵਿਚ ਮਾਰਾਂ ਸਹੀਆਂ, ਮੋਰਚਿਆਂ ਵਿਚ ਲੱਖਾਂ ਦੀ ਗਿਣਤੀ ਪਾਰ ਕੀਤੀ, ਬੇਅੰਤ ਮਾਲੀ ਨੁਕਸਾਨ ਝੱਲੇ ਤੇ ਹਰ ਹਭੀ ਨਭੀ ਵਿਚ ਹਿੱਕ ਡਾਹ ਕੇ ਅੱਗੇ ਆਏ, ਉਹਨਾਂ ਕਦੇ ਨਹੀਂ ਸੋਚਿਆ ਸੀ, ਤੁਸੀਂ ਕੇਵਲ ਆਪਣੀ ਲੀਡਰੀ ਚਮਕਾਉਣ ਜਾਂ ਕਾਇਮ ਰੱਖਣ ਲਈ ਕਮੀਨਗੀ ਦੀ ਰਸਾਤਲ ਤੱਕ ਪਹੁੰਚ ਜਾਵੋਗੇ। ਲੋਕਾਂ ਦੀ ਲਾਹਨਤ ਨਾਲ ਇਤਿਹਾਸ ਦੀ ਮੂੰਹ ਕਾਲਖ ਹੁਣ ਤੁਹਾਡੇ ਸੁਆਗਤ ਲਈ ਪੰਜਾਬ ਦੇ ਹਰ ਬੂਹੇ-ਬਾਰ ਅੱਗੇ ਖਲੋਤੀ ਐ। ਬੇਸ਼ਰਮੀ ਦੇ ਇਸ ਦੌਰ ਦਾ ਕਾਲਾ ਵਰਕਾ ਕੋਈ ਖੱਬੀ ਖਾਨ ਵੀ ਇਤਿਹਾਸ ਵਿਚੋਂ ਪਾੜ ਨਹੀਂ ਸਕੇਗਾ। ਇਹ ਕਾਲਖ ਕੋਈ ਕਾਸਟਕ ਵੀ ਧੋ ਨਹੀਂ ਸਕੇਗਾ। ਮੇਰਾ ਖਿਆਲ ਐ, ਪੰਜਾਬ ਤੇ ਸਿੱਖ ਪੰਥ ਦੀ ਐਨੀ ਦੁਰਦਸ਼ਾ ਕਰਕੇ ਤੁਸੀਂ ਕਦੇ ਆਪਣੀ ਜ਼ਮੀਰ ਦੇ ਸ਼ੀਸ਼ੇ ਵਿਚ ਮੂੰਹ ਨਹੀਂ ਵੇਖਿਆ ਹੋਣਾ।

ਆਂਹਦੇ ਲੀਡਰ ਮੋਟੇ ਬੇਸ਼ਰਮ ਹੁੰਦੇ ਹਨ। ਇਕ ਸਟੇਜ ਤੇ ਜੁੱਤੀਆਂ ਤੇ ਗੰਦੇ ਆਂਡੇ ਪੈਣ, ਦੂਜੀ ਸਟੇਜ ਤੇ ਜਾ ਆਖਣਗੇ ਉਥੇ ਬੜੇ ਫੁੱਲਾਂ ਦੇ ਹਾਰ ਪਏ। ਉਹਨਾਂ ਨੂੰ ਖ਼ਿਆਲ ਈ ਨਹੀਂ, ਯਕੀਨ ਹੁੰਦਾ ਏ, ਭੋਲੇ ਭਾਲੇ ਲੋਕ ਅਕਸਰ ਲੀਡਰਾਂ ਦੀਆਂ ਗ਼ਦਾਰੀਆਂ, ਕਰਤੂਤਾਂ ਤੇ ਗ਼ਲਤੀਆਂ ਨੂੰ ਸਮਾਂ ਪਾ ਕੇ ਭੁੱਲ ਜਾਂਦੇ ਹਨ। ਪਰ ਚੌਧਰ ਦੇ ਭੁੱਖਿਓ, ਦੇਸ਼, ਕੌਮ ਅਤੇ ਪੰਥ ਨਾਲ ਕੀਤੇ ਧਰੋਹ ਕਿਵੇਂ ਭੁਲਾਏ ਜਾਣਗੇ। ਲੋਕਾਂ ਦੇ ਕਟਹਿਰੇ ਵਿਚ ਤਾਂ ਖਲੋਣਾ ਹੀ ਪਵੇਗਾ, ਸੰਗਤ ਨੂੰ ਜਵਾਬ ਦੇਣਾ ਹੋਵੇਗਾ। ਦੋਸ਼ਾਂ ਦੇ ਨਤੀਜੇ ਸਜ਼ਾ ਵਜੋਂ ਚੋਰ, ਡਕੈਤ ਤੇ ਕਾਤਲ ਵੀ ਭੁਗਤ ਲੈਂਦੇ ਹਨ। ਆਪਣੇ ਕੁਕਰਮਾਂ ਦਾ ਚਾਲਾਣ ਔਖੇ ਸੌਖੇ ਤੁਸੀਂ ਵੀ ਸਹਿ ਲਓਗੇ। ਪਰ ਤੁਹਾਡੇ ਕਾਰਨ ਜੋ ਕੌਮ ਨੇ ਜਾਨੀ ਤੇ ਮਾਲੀ ਨੁਕਸਾਨ ਉਠਾਏ, ਬਦਨਾਮੀ ਤੇ ਬੇਰੋਹਬੀ ਦੇ ਕਾਲੇ ਟਿੱਕੇ ਮੱਥੇ ਤੇ ਲਵਾਏ, ਉਹਨਾਂ ਦੇ ਲੇਖੇ ਜੋਖੇ ਦਾ ਕੀ ਬਣੇਗਾ? ਤੁਸੀਂ ਤਾਂ ਸੰਗਤ ਵਿਚ ਖਲੋ, ਗਲ ਪੱਲਾ ਪਾ ਭੁੱਲ ਬਖਸ਼ਵਾਉਣ ਲਈ ਬੇਨਤੀਹਾਰ ਹੋ ਖਲੋਵੋਗੇ। ਪਰ ਵਗਦੇ ਜ਼ਖਮਾਂ ਦਾ ਕੀ ਬਣੇਗਾ? ਯਤੀਮਾਂ, ਵਿਧਵਾਵਾਂ ਤੇ ਘਰੋਂ ਘਾਟੋਂ ਉਜਾੜੇ ਗਿਆਂ ਦਾ ਹਾਲ? ਤੁਹਾਨੂੰ ਸਜ਼ਾ ਦੇ ਲੈਣ ਨਾਲ ਕੌਮ ਘਟਾਈ ਪੂਰੀ ਹੋ ਜਾਵੇਗੀ?

ਸ਼ਾਇਦ ਤੁਸੀਂ ਇਹ ਵੀ ਭੁੱਲ ਗਏ ਹੋਵੋ, ਤੁਰੇ ਕਿਥੋਂ ਸੀ ਤੇ ਪਹੁੰਚ ਕਿਥੇ ਗਏ। ਤੁਸੀਂ ਤੁਰੇ ਸੀ ਅਨੰਦਪੁਰ ਦੇ ਮਤੇ ਅਥਵਾ ਅੰਦਰੂਨੀ ਖ਼ੁਦਮੁਖ਼ਤਿਆਰੀ ਤੋਂ। ਕਿਉਂਕਿ ਆਜ਼ਾਦੀ ਦੀ ਆਹੂਤੀ ਵਿਚ ਸਿੱਖਾਂ ਅੱਸੀ ਫ਼ੀ ਸਦੀ ਸਿਰ ਦਿੱਤੇ ਸਨ ਅਤੇ ਜਿੱਤੀ ਆਜ਼ਾਦੀ ਦਾ ਹੱਕ ਮਾਨਣ ਤੋਂ ਵਾਂਝੇ ਕਰ ਦਿੱਤੇ ਗਏ। ਪਟੇਲ ਭਾਈ ਤਾਂ ਸਾਰੀ ਕੌਮ ਨੂੰ



www.AKJ.Org

ਜਰਾਇਮ ਪੇਸ਼ਾ ਕਰਾਰ ਦੇਣ ਲੱਗਾ ਸੀ। ਆਜ਼ਾਦੀ ਆ ਜਾਣ ਪਿੱਛੋਂ ਹੀ ਸਿੱਖਾਂ ਨੂੰ ਹਰ ਪੱਖੋਂ ਕੁਚਲਣ ਦੀਆਂ ਵਿਉਂਤਾਂ ਘੜੀਆਂ ਜਾਣ ਲੱਗ ਪਈਆਂ ਸਨ। ਫਿਰ ਆਰਥਿਕ, ਭਾਸ਼ਿਕ ਤੇ ਸਭਿਆਚਾਰਕ ਪੱਖੋਂ ਇਨ੍ਹਾਂ ਨੂੰ ਇਕ ਤਰ੍ਹਾਂ ਨਕਾਰਾ ਮਿਥਿਆ ਗਿਆ ਤੇ ਅੱਜ ਤੱਕ ਉਸੇ ਸਲੋ ਪੋਇਜ਼ਨਿੰਗ ਵਾਲਾ ਅਮਲ ਜਾਰੀ ਹੈ। ਤੁਹਾਡੀ ਦੂਜੀ ਵੱਡੀ ਮੰਗ ਸੀ ਦਰਿਆਵਾਂ ਤੇ ਡੈਮਾਂ ਦੀ ਮਾਲਕੀ ਦੀ। ਆਰਥਿਕ ਪੱਖੋਂ ਘਸਿਆਰਾ ਬਣਾਉਣ ਦੀ ਚਾਲ ਪਾਣੀ ਨਾਲ ਜੁੜੀ ਹੋਈ ਹੈ। ਪੰਜਾਬ ਦਾ ਪਾਣੀ, ਜਿਹੜੀ ਉਸ ਦੀ ਇਕੋ ਇਕ ਕੁਦਰਤੀ ਦੌਲਤ ਐ, ਨੂੰ ਸੈਂਟਰ ਨੇ ਆਪਣੇ ਬਣਾਏ ਧਨੇਸ਼ੂ ਚੀਫ ਮਨਿਸਟਰਾਂ ਰਾਹੀਂ ਰਾਜਸਥਾਨ ਅਤੇ ਹਰਿਆਣੇ ਵਿਚ ਵੰਡ ਦਿੱਤਾ। ਨਾ ਰਹੇ ਬਾਂਸ ਤੇ ਨਾ ਵੱਜੇ ਬੰਸਰੀ! ਸੈਂਟਰ ਦੀ ਚੁਸਤੀ ਤਾੜੋ, ਚੰਡੀਗੜ੍ਹ ਨੂੰ ਮੇਜਰ ਇਸ਼ੂ ਬਣਾ ਕੇ ਬੁਨਿਆਦੀ ਮੰਗਾਂ ਵੱਲੋਂ ਧਿਆਨ ਪਾਸੇ ਫੇਰ ਦਿੱਤਾ। ਭਾਵ ਅਨੰਦਪੁਰ ਦਾ ਮਤਾ ਤੇ ਪਾਣੀ ਇਕ ਤਰ੍ਹਾਂ ਖੁੱਡੇ ਲਾਈਨ ਲਾ ਧਰੇ।

ਦੁਸ਼ਮਣ ਡਰਦਾ ਸੀ ਕੇਵਲ ਤੁਹਾਡੀ ਏਕਤਾ ਤੋਂ। ਕੇਂਦਰ ਸਰਕਾਰ ਨੇ ਭਾਂਤ ਭਾਂਤ ਦੇ ਵਿਚੋਲਿਆਂ ਅਤੇ ਗਵਰਨਰਾਂ ਰਾਹੀਂ ਉਹ ਏਕਤਾ ਪਾਸ਼ ਪਾਸ਼ ਕਰ ਕੇ ਰੱਖ ਦਿੱਤੀ। ਜਿਹੜਾ ਗਵਰਨਰ ਮੋਹਰਾ ਬਣ ਕੇ ਨਾ ਚੱਲਿਆ, ਉਹਨੂੰ ਘਰ ਨੂੰ ਤੋਰ ਦਿੱਤਾ। ਬਾਕੀ ਮਾੜੀ ਮੋਟੀ ਭਰਮ ਵਜੋਂ ਬਣੀ ਸਾਖ ਤੁਹਾਡੀਆਂ ਆਪਣੀਆਂ ਖ਼ੁਦਗਰਜ਼ੀਆਂ ਨੇ ਪੁੱਟ ਸੁੱਟੀ। ਰਾਵਣ ਦੀ ਲੰਕਾ ਇਕ ਭਵੀਖਣ ਨੇ ਤਬਾਹ ਕਰਵਾਈ ਸੀ। ਜਿਥੇ ਤੁਹਾਡੇ ਵਰਗੇ ਹੇਜਲੇ ਗ਼ਦਾਰੀ ਕਰਨ ਲਈ ਇਕ ਦੂਜੇ ਤੋਂ ਮੂਹਰੇ ਹੋ ਹੋ ਖਲੋਣ, ਉਥੇ ਅਨੰਦਪੁਰ ਦਾ ਮਤਾ ਨਹੀਂ ਉਸਰ ਸਕਦਾ, ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਹੀ ਢਹਿ ਸਕਦੇ ਹਨ। ਤੁਸੀਂ ਇਕ ਹੁੰਦੇ, ਇੰਦਰਾ ਦੀਆਂ ਫ਼ੌਜਾਂ ਹਰਿਮੰਦਰ ਸਾਹਿਬ ਵਿਚ ਕਦਮ ਨਾ ਰੱਖ ਸਕਦੀਆਂ। ਉਹ ਕਿਉਂ ਵੜੀਆਂ? ਜ਼ਰਾ ਆਪਣੀਆਂ ਬੁੱਕਲਾਂ ਵਿਚ ਮੂੰਹ ਪਾਉਣ ਦੀ ਲੋੜ ਐ, ਬੀਬੀਆਂ ਦਾੜ੍ਹੀਆਂ ਕਿੰਨਾ ਕੁ ਚਿਰ ਸੱਚ ਨੂੰ ਛੁਪਾ ਲੈਣਗੀਆਂ। ਤੁਹਾਡੇ ਵਿਚ ਏਕਤਾ ਹੁੰਦੀ, ਸਿੱਖ ਕੌਮ ਫੌਜਾਂ ਨੂੰ ਉਧਰ ਮੂੰਹ ਨਾ ਕਰਨ ਦੇਂਦੀ। ਖੇਰੂੰ ਖੇਰੂੰ ਹੋਈ ਏਕਤਾ ਦਾ ਇਤਿਹਾਸਕ ਪੰਨਾ, ਰਹਿੰਦੀ ਦੁਨੀਆ ਤੱਕ ਤੁਹਾਡੇ ਦੋਸ਼ਾਂ ਤੇ ਪਾਪਾਂ ਦਾ ਸਬੂਤ ਰਹੇਗਾ। ਮੇਰਾ ਵਿਸ਼ਵਾਸ ਐ, ਤੁਸੀਂ ਆਪਣੇ ਅਪਰਾਧਾਂ ਤੋਂ ਹਾਲੇ ਵੀ ਤੌਬਾ ਨਹੀਂ ਕਰੋਗੇ। ਨਿੱਜੀ ਸੁਆਰਥ ਦਾ ਕੈਂਸਰ ਤੁਹਾਡੇ ਲਹੂ ਵਿਚ ਸਮਾ ਚੁੱਕਾ ਹੈ।

ਤੁਹਾਡੇ ਸਮਝੌਤੇ ਨੂੰ ਮੈਂ ਮੰਜ਼ਲ ਨਹੀਂ, ਪੜਾਅ ਆਖਿਆ ਸੀ। ਉਹ ਪੜਾਅ ਕਿਥੇ ਐ? ਰਾਜਨੀਤਕ ਹਨੇਰੀਆਂ ਨੇ ਉਸ ਪੜਾਅ ਦੇ ਨਿਸ਼ਾਨ ਵੀ ਮਿਟਾ ਦਿੱਤੇ ਲਗਦੇ ਐ। ਮੈਂ ਸੈਂਟਰ ਤੇ ਕਦੇ ਵੀ ਭਰੋਸਾ ਨਹੀਂ ਕੀਤਾ। ਜਿਹੜਾ ਕਿਸਾਨ ਆੜ੍ਹਤੀਏ ਉੱਤੇ ਭਰੋਸਾ ਕਰੇਗਾ, ਮੁੰਨਿਆ ਲਓ। ਤੁਹਾਡੇ ਹਰ ਚੰਗੇ ਕੰਮ ਤੇ ਅਮਲ ਦੀ ਮੈਂ ਪ੍ਰਸੰਸਾ ਕੀਤੀ ਐ। ਮੈਂ ਸਾਂਝੀਵਾਲਤਾ ਨਾਲ ਵਚਨਬੱਧ ਆਂ। ਤੁਸੀਂ ਦੁਸ਼ਮਣ (ਵੱਡੀ ਸਰਮਾਏਦਾਰੀ) ਨਾਲ ਟੱਕਰ ਲਈ ਕੇਵਲ ਪੰਜਾਬ ਵਿਚੋਂ ਇਕੱਲਿਆਂ। ਮੈਂ ਤੁਹਾਨੂੰ ਸੂਰਮੇ ਆਖਿਆ। ਤੁਹਾਡਾ ਉਹ ਰੋਲ ਪੰਜਾਬ ਦੇ ਕਿਸਾਨਾਂ ਤੇ ਸਿੱਖਾਂ ਦੇ ਹਿਤਾਂ ਵਾਲਾ ਸੀ, ਤਾਰੀਖ਼ ਦਾ ਉਹ ਵਰਕਾ ਤੁਹਾਡੇ ਲਈ ਸਦਾ ਉਜਲਾ ਹੀ ਨਹੀਂ, ਸ਼ਾਨਦਾਰ ਵੀ ਰਹੇਗਾ। ਪਰ ਭਲਿਓ, ਖੀਰ ਬਣਾ ਕੇ ਸੁਆਹ ਧੂੜਨ ਲਈ ਕੀਹਨੇ ਆਖਿਆ ਸੀ?

ਛੱਬੀ ਜਨਵਰੀ ਨੂੰ ਚੰਡੀਗੜ੍ਹ ਦੇਣ ਤੋਂ ਕੌਣ ਮੁਕਰਿਆ? ਤੁਸੀਂ ਕਹਿ ਸਕਦੇ ਹੋ, ਸੈਂਟਰ। ਪਰ ਮੈਂ ਤਾਂ ਕੇਂਦਰ ਦੇ ਬੇਈਮਾਨ ਢਿੱਡ ਬਾਰੇ ਉਦੋਂ ਤੋਂ ਹੀ ਦੁਹਾਈਆਂ ਦੇਂਦਾ ਆ ਰਿਹਾ ਆਂ। ਅਸਲ ਵਿਚ ਚੰਡੀਗੜ੍ਹ ਤੋਂ ਟਾਲਾ ਮਾਰ ਕੇ ਉਹਨਾਂ ਤੁਹਾਡੇ ਸਿਦਕ ਨੂੰ ਜੋਹਿਆ ਸੀ ਕਿ ਇਹਨਾਂ ਵਿਚ ਦਮ ਹੈ ਜਾਂ ਮੁੱਕ ਗਿਆ। ਤੁਸਾਂ ਘੁੱਟ ਕੇ ਕੁਰਸੀਆਂ ਦੀਆਂ ਬਾਹੀਆਂ ਫੜ ਲਈਆਂ, ਜਿਵੇਂ ਕਿ ਜੇ ਉੱਠੇ, ਕੁਰਸੀ ਸਮੇਤ ਧੜੰਮ ਡਿੱਗ ਪਓਗੇ। ਤੁਹਾਨੂੰ ਕੁਰਸੀਆਂ ਵਿਚ ਡਟੇ ਵੇਖ ਕੇ ਸੈਂਟਰ ਨੇ ਕੱਛਾਂ ਵਜਾਈਆਂ। ਉਹਨਾਂ ਨੂੰ ਪਿਛਾਂਹ ਓਹਲੇ ਵਿਚ ਰਹਿ ਕੇ ਚਲਾਉਣ ਲਈ ਮਜ਼ਬੂਤ ਮੋਢੇ ਮਿਲ ਗਏ ਸਨ। ਪਰ ਲੋਕਾਂ ਦਾ ਕੀ ਹਾਲ ਹੋਇਆ, ਜਿਹੜੇ ਤੁਹਾਡੇ ਲਈ ਮੋਰਚਿਆਂ ਅਤੇ ਵੋਟਾਂ ਸਮੇਂ ਮਰ ਕੇ ਖੜ੍ਹੇ ਸਨ, ਪੁੱਛੋ ਕੁਝ ਨਾ। ਪੰਜਾਬ ਦੀ ਅਣਖ ਮਿੱਟੀ ਹੋ ਗਈ, ਸਿੰਘਊ ਦਾ ਨੱਕ ਵੱਢਿਆ ਗਿਆ। ਇਹ ਨਿਰੀ ਜਜ਼ਬਾਤੀ ਜੋਸ਼ ਦੀ ਗੱਲ ਨਹੀਂ, ਸਗੋਂ ਤੁਹਾਡੇ ਕੋਲੋਂ ਗਰਮ ਹੋਏ ਲੋਹੇ ਉੱਤੇ ਹੋਸ਼ ਦੀ ਰਾਜਨੀਤਕ ਸੱਟ ਨਹੀਂ ਮਾਰੀ ਜਾ ਸਕੀ। ਜੋਸ਼ ਤੋਂ ਬਿਨਾਂ ਹੋਸ਼ ਵੀ ਵਿਧਵਾ ਐ। ਲਾਲਚ ਨੀਂਦ ਦੇ ਸੱਸੀ ਵੈਰਾਨ



www.AKJ.Org

ਹੋਈ, ਪਿੱਛੋਂ ਭਾਲਦੀ ਹੋਤ ਪਲਾਣਿਆਂ ਨੂੰ।' ਸਮਾਂ ਕੀ ਖੁੰਜਿਆ, ਸਭ ਕੁਝ ਹੀ ਲੁੱਟ ਹੋ ਗਿਆ। ਸੈਂਟਰ ਨੇ ਤੁਹਾਨੂੰ ਤੀਲਾ ਤੀਲਾ ਬਖੇਰ ਸੁੱਟਿਆ, ਤੇ ਚੱਜ ਨਾਲ ਤੁਹਾਡੇ ਜੋਰੇ ਨੂੰ ਅੰਦਰੋਂ ਬਾਹਰੋਂ ਜੋਹ ਲਿਆ। ਜਿਹੜੇ ਤਖ਼ਤ ਨੂੰ ਲੱਤ ਨਹੀਂ ਮਾਰ ਸਕਦੇ, ਉਹ ਤਖ਼ਤ ਨੂੰ ਕਾਇਮ ਵੀ ਨਹੀਂ ਰੱਖ ਸਕਦੇ। ਹੁਣ ਸਮਝੌਤੇ ਦੀਆਂ ਪੰਜਾਬ ਦੇ ਹਿਤਾਂ ਵਿਚ ਜਾਂਦੀਆਂ ਧਾਰਾਵਾਂ ਨੂੰ ਸੈਂਟਰ, ਬੁੱਲ੍ਹਾਂ ਨਾਲੋਂ ਲਾਹ ਕੇ ਨੱਕ ਨਾਲ ਸੁਖਾਲਿਆਂ ਹੀ ਲਾ ਸਕੇਗਾ। ਹੌਲੀ ਹੌਲੀ ਲਾਰੇ ਲੱਪੇ ਲਾਉਂਦਿਆਂ, ਕਮੇਟੀਆਂ ਕਮਿਸ਼ਨਾਂ ਰਾਹੀਂ ਸਮਝੌਤਾ ਖੱਸੀ ਕਰ ਦਿੱਤਾ ਜਾਵੇਗਾ।

ਕੇਂਦਰ ਨੇ ਤੁਹਾਨੂੰ ਹਰ ਪੱਖੋਂ ਗੋਡੇ ਹੇਠਾਂ ਨੱਪ ਕੇ ਰੱਖਣਾ ਏ। ਤੁਸਾਂ ਆਜ਼ਾਦੀ ਮਾਨਣ ਦਾ ਹੱਕ ਲੈਣਾ ਸੀ, ਤਾਂ ਕਿਰਤੀ ਜਮਾਤਾਂ ਦੇ ਜੋੜ ਨਾਲ ਸਾਇੰਸੀ ਪੈਂਤਰਾ ਮੱਲਦੇ। ਇਕੱਲੀ ਮਧ ਵਰਗ ਦੀ ਕਿਸਾਨੀ, ਵੱਡੀ ਸਰਮਾਏਦਾਰੀ ਨੂੰ ਢਾਹ ਨਹੀਂ ਸਕਦੀ। ਅਗਲਿਆਂ ਤੁਹਾਡੇ ਕੱਦ ਕਾਠ ਨਾਲ ਬਲ ਵੀ ਨਾਪ ਲਿਆ ਹੈ। ਲੋਕਾਂ ਵਿਚ ਤੁਹਾਡੀ ਪੋਜ਼ੀਸ਼ਨ ਪਤਲੀ ਪਾ ਕੇ ਰੱਖ ਦਿਤੀ ਹੈ। ਕੌਮਾਂ ਵਿਚ ਨਿੱਤ ਉਭਾਰ ਨਹੀਂ ਆਉਂਦੇ, ਜੋਸ਼ ਨਹੀਂ ਜਾਗਦੇ। ਮੁੜ ਇਸ ਉਭਾਰ ਨੂੰ ਕੋਈ ਜਨਤਾ ਦਾ ਜਾਇਆ ਸੂਰਮਾ ਹੀ ਧਾਰਾਬੱਧ ਕਰੇਗਾ। ਸਮਝੌਤੇ ਦੇ ਵਿਰੋਧੀ ਲੀਡਰਾਂ ਨੂੰ ਵੀ ਮੈਂ ਈਮਾਨਦਾਰ ਨਹੀਂ ਸਮਝਦਾ। ਜੇ ਉਹਨਾਂ ਨੂੰ ਮੌਕਾ ਮਿਲਦਾ, ਉਹ ਵੀ ਏਹੋ ਕੜ੍ਹੀ ਘੋਲਦੇ। ਤੁਸੀਂ ਇਕ ਨਿਸ਼ਾਨਾ ਮਿੱਥ ਕੇ ਕਦੇ ਵੀ ਨਹੀਂ ਚੱਲੇ। ਵਿਰੋਧੀਆਂ ਨੂੰ ਚਾਹੀਦਾ ਸੀ, ਬਾਵਜੂਦ ਸ਼ੰਕਿਆਂ ਦੇ ਸਮਝੌਤੇ ਦਾ ਸਾਥ ਦੇਂਦੇ ਹੋਏ, ਜੇਲ੍ਹੀਂ ਪਏ ਨੌਜਵਾਨਾਂ ਨੂੰ ਛੁਡਾਉਣ ਲਈ ਇਕ ਤਾਰੀਖ਼ ਮਿਥਦੇ। ਦੁਸ਼ਮਣ-ਮੁਲਕ ਦੇ ਤਰਾਨਵੇਂ ਹਜ਼ਾਰ ਜੰਗੀ ਕੈਦੀ ਸਮਝੌਤੇ ਰਾਹੀਂ ਤਾਂ ਛੱਡੇ ਜਾ ਸਕਦੇ ਐ, ਪਰ ਆਪਣੇ ਮੁਲਕ ਦੇ ਆਪਣੀ ਫ਼ੌਜ ਦੇ ਬੰਦੇ, ਜਿਹਨਾਂ ਧਾਰਮਕ ਜਜ਼ਬਾਤ ਵਿਚ ਆ ਕੇ ਬੈਰਕਾਂ ਛੱਡੀਆਂ ਜਾਂ ਹਥਿਆਰ ਚੁੱਕੇ, ਨਹੀਂ ਛੱਡੇ ਜਾ ਸਕਦੇ। ਆਖਰ ਇਹ ਸਮਝੌਤਾ ਕੀ ਹੋਇਆ? ਮਤਲਬ ਸਾਫ ਹੈ, ਇਹ ਕੈਦੀ ਪਾਕਿਸਤਾਨੀ ਕੈਦੀਆਂ ਨਾਲੋਂ ਕਿਤੇ ਵੱਧ ਖ਼ਤਰਨਾਕ ਹਨ। ਫਿਰ ਸਮਝੌਤੇ ਵਿਚ ਆਪਣਿਆਂ ਵਾਲੀ ਕੀ ਗੱਲ ਹੋਈ। ਸਮਝੌਤੇ ਉੱਤੇ ਅਮਲ ਨਾ ਕਰਨਾ ਤੇ ਜ਼ਬਾਨੀ ਜ਼ਬਾਨੀ ਦਿਲਬਰੀਆਂ ਦੇਈ ਜਾਣਾ ਦੱਸਦਾ ਏ, ਸੈਂਟਰ ਦੀ ਨੀਅਤ ਸਾਫ਼ ਨਹੀਂ। ਇਸ ਦੀ ਪੇਸ਼ਬੰਦੀ ਵਜੋਂ ਤੁਸਾਂ ਏਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਹੋਰ ਸੀਮੈਂਟ ਲਾਉਣਾ ਸੀ, ਪਰ ਤੁਸਾਂ ਉਸ ਦੀਆਂ ਜੜ੍ਹਾਂ ਵਿਚ ਬਾਰੂਦ ਭਰਨਾ ਸ਼ੁਰੂ ਕਰ ਦਿੱਤਾ।

## ਲੀਡਰੋ! ਪੰਜਾਬ ਤੇ ਪੰਥ ਦੇ ਭਲੇ ਲਈ ਏਕਤਾ ਕਰੋ—

ਜਿਹਨਾਂ ਹਥਿਆਰ ਚੁੱਕੇ, ਬੇਗੁਨਾਹ ਕਤਲ ਕੀਤੇ, ਡਾਕੇ ਮਾਰੇ, ਮੈਂ ਉਹਨਾਂ ਨੂੰ ਨਾ ਸਿੱਖ ਨਾ ਇਨਸਾਨ ਸਮਝਦਾ ਆਂ। ਉਹ ਦੋਸ਼ੀ ਹਨ, ਸਜ਼ਾ ਦੇ ਭਾਗੀ ਹਨ। ਪਰ ਸਰਕਾਰ, ਕੌਮੀ ਪ੍ਰੈੱਸ (ਜਿਹੜੀ ਬੁਰੀ ਤਰ੍ਹਾਂ ਫ਼ਿਰਕੂ ਹੈ) ਤੇ ਹੋਰ ਸੰਸਥਾਵਾਂ ਨੇ ਇਹ ਕਿਉਂ ਨਹੀਂ ਸੋਚਿਆ, ਉਹਨਾਂ ਹਥਿਆਰ ਕਿਉਂ ਚੁੱਕੇ? ਹਥਿਆਰ ਤਾਂ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਲੈਨਿਨ, ਸਟਾਲਿਨ, ਮਾਓ, ਹੋਚੀਮਿੰਨ ਤੇ ਫ਼ੀਦਰਲ ਕਾਸਤਾਰੋ ਨੇ ਵੀ ਚੁੱਕੇ ਸਨ। ਪਰ ਉਹ ਕੁਰਾਹੇ ਨਹੀਂ ਪਏ। ਉਹਨਾਂ ਸਿੱਧੀ ਦੁਸ਼ਮਣ ਦੇ ਸਿਰ ਸੱਟ ਮਾਰੀ ਤੇ ਲੋਕਾਂ ਨੂੰ ਬਚਾਇਆ। ਇਹਨਾਂ ਮੁੰਡਿਆਂ ਨੂੰ ਕੁਰਾਹੇ ਪਾਉਣ, ਕਾਤਲ ਤੇ ਡਕੈਤ ਬਣਾਉਣ ਦੀ ਜ਼ੁਮੇਵਾਰੀ ਜਿੰਨੀ ਸਰਕਾਰ, ਕੌਮੀ ਪ੍ਰੈੱਸ ਤੇ ਪੁਲਸ ਦੇ ਭੈੜੇ ਸਲੂਕ ਦੀ ਐ, ਉਨੀ ਹੀ ਅਕਾਲੀ ਲੀਡਰਾਂ ਦੀ ਵੀ ਹੈ। ਉਹਨਾਂ ਦੇ ਕਾਜ਼ ਲਈ ਮੁੰਡਿਆਂ, ਗ਼ਲਤ ਕਦਮ ਚੁੱਕੇ। ਉਹਨਾਂ ਕੁਰਾਹੇ ਜਾਂਦਿਆਂ ਨੂੰ ਅਗਲਵਾਂਡੀ ਹੋ ਕੇ ਕਿਉਂ ਨਾ ਰੋਕਿਆ? ਕਿਉਂ ਨਾ ਸੰਪਰਕ ਕਾਇਮ ਕੀਤੇ? ਮੁੰਡੇ ਕਿੰਨੇ ਅੱਥਰੇ ਸਨ, ਪਰ ਉਹਨਾਂ ਦੇ ਦਿਮਾਗ਼ ਤਾਂ ਨਹੀਂ ਫਿਰੇ ਸਨ ਕਿ ਉਹ ਪੰਜਾਬ, ਪੰਥ ਅਤੇ ਲੋਕਾਂ ਦੇ ਹਿਤਾਂ ਦੀ ਗੱਲ ਹੀ ਨਾ ਸੁਣਦੇ। ਫਿਰ ਉਹਨਾਂ ਦੇ ਕਦਮ ਸਾਰਥਿਕਤਾ ਤੋਂ ਅਜਿਹੇ ਉਖੜੇ ਕਿ ਮੰਝਧਾਰ ਵਿਚ ਚਲੇ ਗਏ ਤੇ ਵਾਪਸ ਆਉਣਾ ਉਹਨਾਂ ਦੇ ਵੱਸ ਹੀ ਨਾ ਰਿਹਾ। ਤੁਹਾਡੇ ਨੇੜੇ ਨਾ ਜਾਣ ਕਾਰਨ ਇਕ ਪਾੜ ਪੈ ਗਿਆ ਤੇ ਸੈਂਟਰ ਉਹਨਾਂ ਨੂੰ ਖ਼ਤਮ ਕਰਨ ਲਈ ਤੁਹਾਨੂੰ ਅਲੱਗ ਥਲੱਗ ਕਰਨ ਵਿਚ ਕਾਮਯਾਬ ਹੋ ਗਿਆ। ਹੁਣ ਆਪਣਿਆਂ ਨੂੰ ਮਾਰਨ ਦੀ ਨੌਬਤ ਆ ਗਈ ਹੈ। ਮੋਟੇ ਸਿਰਾਂ ਨੂੰ ਵੀ ਸਮਝ ਪੈ ਸਕਦੀ



www.AKJ.Org

ਹੈ ਸੈਂਟਰ ਤੁਹਾਨੂੰ ਕਿਉਂ ਪਾਲ ਰਿਹਾ ਹੈ ਤੇ ਮੁੰਡਿਆਂ ਪ੍ਰਤੀ ਮਾਰੂ ਨੀਤੀ ਕਿਉਂ ? ਮੁੰਡੇ ਦੁਸ਼ਮਣ ਤੇ ਤੁਸੀਂ ਦੋਸਤ ਹੋ ਗਏ। ਸਾਰੀਆਂ ਵਿਰੋਧੀ ਪਾਰਟੀਆਂ ਕੁਰਾਹੇ ਪਏ ਮੁੰਡਿਆਂ ਨੂੰ ਮਾਰਨ ਦੇ ਕਿਉਂ ਤੁੱਖਣੇ ਦੇ ਰਹੀਆਂ ਹਨ, ਸੈਂਟਰ ਦੀ ਚਾਪਲੂਸੀ ਹੇਠਾਂ ਤੁਸਾਂ ਪੰਜਾਬ ਲਈ ਕੀ ਖੱਟੀ ਖੱਟੀ ? ਕੌਮ ਦਾ ਅਸਲ ਧਨ ਤੇ ਕਿਸਮਤ ਉਹ ਅਣਖੀਲੇ ਜੋਧੇ ਹਨ ਜਿਹੜੇ ਜੋਧਪੁਰ ਜੇਲ੍ਹ ਵਿਚ ਤਸੀਹੇ ਝੱਲ ਰਹੇ ਹਨ ਜਾਂ ਸਹੀ ਸੇਧ ਦੇਣ ਖੁਣੋਂ ਸਿੱਖੀ ਦੀ ਧਾਰਾ ਤੋਂ ਉਖੜ ਖਲੋਤੇ ਹਨ। ਸਿਰ ਤਲੀ ਤੇ ਧਰੇ ਬਿਨਾਂ ਕਦੇ ਤਖਤ ਨਸੀਬ ਨਹੀਂ ਹੋਇਆ। ਜਿੰਨਾ ਚਿਰ ਲੋਕਾਂ ਨੂੰ ਇਹ ਨਹੀਂ ਸਮਝਾਇਆ ਜਾਂਦਾ, ਦੁਸ਼ਮਣ ਕਿਉਂ ਦੁਸ਼ਮਣ ਹੈ, ਓਨਾ ਚਿਰ ਕਾਮਯਾਬੀ ਦੂਰ ਹੀ ਦੂਰ ਸਮਝੋ।

ਜਿਹਨਾਂ ਦੇ ਸਿਰਾਂ ਦੇ ਸਰਕਾਰ ਵੱਲੋਂ ਮੁੱਲ ਰੱਖੇ ਗਏ ਹਨ ਅਤੇ ਜੇਲ੍ਹਾਂ ਵਿਚ ਕਸ਼ਟ ਝੱਲ ਰਹੇ ਹਨ, ਉਹਨਾਂ ਦੇ ਨਾਵਾਂ ਉੱਤੇ, ਜਿਹੜੇ ਨੋਟਾਂ ਦੀਆਂ ਪੰਡਾਂ ਬੰਨ੍ਹ ਰਹੇ ਹਨ, ਹਿਸਾਬ ਤਾਂ ਇਕ ਦਿਨ ਉਹਨਾਂ ਨੂੰ ਵੀ ਦੇਣਾ ਪਏਗਾ। ਇਹ ਨੋਟ ਤੇ ਵੋਟ ਦੋਵੇਂ ਕੌਮ ਨੂੰ ਖਾ ਗਏ। ਕੇਂਦਰ ਸਰਕਾਰ ਨੇ ਇਕ ਦੂੰ ਵਾਧਿਓਂ ਸਾਰੇ ਅਕਾਲੀ ਲੀਡਰਾਂ ਦਾ ਹੀਜ ਪਿਆਜ ਟੋਹ ਲਿਆ ਹੈ। ਉਹ ਸਮਝਦਾ ਹੈ ਖ਼ਤਰਾ ਟਲ ਗਿਆ। ਤੇ ਖ਼ਤਰਾ ਹੁਣ ਤੁਹਾਡੇ ਵਿਹੜੇ ਜੱਲੀਆਂ ਪਾ ਰਿਹਾ ਹੈ। ਤੁਹਾਨੂੰ ਅਜਿਹੇ ਥਾਂ ਲਿਆ ਖਲਾਰਿਆ ਹੈ ਕਿ ਤੁਸੀਂ ਆਪੋ ਵਿਚੀਂ ਮਰੋਗੇ ਤੇ ਇਕ ਦੂਜੇ ਦੇ ਜੁੰਡੇ ਪੁੱਟੋਗੇ। ਲਾਹੌਰ ਦਰਬਾਰ ਮੁੜ ਦੋਹਰਾਇਆ ਜਾਵੇਗਾ। ਜੇ ਕਿਸੇ ਦੇ ਖ਼ਾਨੇ ਪੈ ਸਕਦੀ ਹੈ ਤਾਂ ਜੇਲ੍ਹਾਂ ਅੰਦਰਲੇ ਤੇ ਬਾਹਰਲੇ ਅੱਥਰੇ ਮੁੰਡਿਆਂ ਨੂੰ ਛੁਡਾਓ। ਏਕਾ ਪੱਕਾ ਕਰ ਕੇ ਮੁੜ ਬੁਨਿਆਦੀ ਮੰਗਾਂ ਉੱਤੇ ਡਟੋ। ਵਰਨਾ ਲੋਕਾਂ ਵੱਲੋਂ ਛੁਟਕਾਰੇ ਦੀ ਕੋਈ ਸਬੀਲ ਨਹੀਂ।

ਮੈਂ ਲਿਖਿਆ ਹੈ, ਸੈਂਟਰ ਸਿੱਖਾਂ ਦੀ ਏਕਤਾ ਤੋਂ ਡਰਦਾ ਹੈ। ਲਗਦਾ ਇਉਂ ਐ ਏਕਤਾ ਤੁਸਾਂ ਕਰਨੀ ਨਹੀਂ ਤੇ ਕੌਮ ਦੇ ਬਾਕੀ ਬਚਦੇ ਵਿਰਸਿਆਂ ਦਾ ਵੀ ਨਾਸ ਪੁੱਟ ਹੋ ਜਾਣਾ ਹੈ। ਤੁਹਾਡੀ ਕਿਸਮਤ ਅੱਗੋਂ ਪਿੱਛੋਂ ਅਕਾਲ ਤਖ਼ਤ ਹੈ, ਭਾਵੇਂ ਢੱਠਾ ਹੀ ਪਿਆ ਹੈ। ਉਹੀ ਤੁਹਾਨੂੰ ਜੋੜ ਸਕਦਾ ਹੈ, ਤੁਸੀਂ ਉਹਦੇ ਦਰਬਾਰ ਸਿਰ ਜੋੜੋ—ਅਹੁਦੇ ਪਰ੍ਹਾਂ ਵਗਾਹੋ—ਖੁਲ੍ਹੇ ਦਿਲ ਨਾਲ ਸਾਰੇ ਆਪਣੀਆਂ ਭੁੱਲਾਂ ਮੰਨੋ, ਬਖਸ਼ੇ ਜਾਵੋਗੇ। ਨਹੀਂ, ਦਿੱਲੀ ਮਿੱਤ ਨਹੀਂ, ਤੁਹਾਨੂੰ ਪਾੜ ਪਾੜ ਹੋਰ ਖੁਆਰ ਕਰੇਗੀ। ਦਿੱਲੀ ਨੇ ਗੁਰੂ ਤੇਗ ਬਹਾਦਰ ਤੋਂ ਲੈ ਕੇ ਹੁਣ ਤੱਕ ਕਿਸੇ ਨੂੰ ਨਹੀਂ ਛੱਡਿਆ। ਦੁਸ਼ਮਣ ਚਤਰ, ਤੁਸੀਂ ਭੋਲੇ, ਬਿੱਲੀ ਕਬੂਤਰ ਦਾ ਕੀ ਮੇਲ ? ਅਗਲੇ ਤਾਕਤ ਤੇ ਰਾਜਨੀਤੀ ਦੇ ਦੋਹਾਂ ਹਥਿਆਰਾਂ ਨਾਲ ਲੁੱਟਦੇ ਤੇ ਦਬਾਂਦੇ ਐ। ਜੀਹਦੀ ਪਿੱਠ ਨਾ ਢਕੀ ਹੋਵੇ, ਉਹ ਅਗਿਉਂ ਪਿੱਛੋਂ ਮਾਰ ਹੀ ਖਾਂਦਾ ਐ। ਆਖ਼ਰ ਨੂੰ ਲੋਕਾਂ ਦੀ ਸ਼ਕਤੀ ਹੀ ਪਿੱਠ ਪੂਰਦੀ ਹੈ। ਏਕੇ ਦੇ ਵਿਸ਼ਵਾਸ ਬਿਨਾਂ ਹੁਣ ਲੋਕ ਈਮਾਨ ਨਹੀਂ ਲਿਆਉਣ ਲੱਗੇ।

ਧੰਨੋ ਕਹਿੰਦੀ : ਮੈਂ ਨੱਥ ਘੜਾਉਣੀ ਐ। ਧੰਨਾ ਬੋਲਿਆ : ਮੈਂ ਨੱਕ ਹੀ ਵੱਢ ਸੁਟਣਾ ਏ। ਤੁਸੀਂ ਵੱਧ ਅਧਿਕਾਰਾਂ ਵਾਲੀ ਖ਼ੁਦਮੁਖ਼ਤਿਆਰੀ ਮੰਗਦੇ ਓ, ਅਗਲੇ ਦਰਿਆਈ ਪਾਣੀ ਅਤੇ ਵਿਦਿਆ ਨੂੰ ਰਾਜ ਅਧਿਕਾਰਾਂ ਤੋਂ ਖੋਹ ਕੇ ਸੈਂਟਰਲਾਈਜ਼ ਕਰ ਰਹੇ ਐ ਅਤੇ ਬਿੱਲ ਪਾਰਲੀਮੈਂਟ ਵਿਚ ਲੈ ਆਂਦੇ ਹਨ। ਕਿਸੇ ਰਾਜਸੀ ਪਾਰਟੀ ਨੇ ਇਸ ਦੀ ਮੁਖ਼ਾਲਫ਼ਤ ਨਹੀਂ ਕੀਤੀ ਅਤੇ ਨਾ ਹੀ ਕਿਸੇ ਅਮਲ ਦਾ ਪ੍ਰਗਟਾਵਾ ਕੀਤਾ ਏ। ਆਰਥਿਕ ਸਭਿਆਚਾਰਕ ਪੱਖਾਂ ਤੋਂ ਇਹ ਵੀ ਘੱਟ-ਗਿਣਤੀਆਂ ਦੇ ਗਲ-ਗੂਠਾ ਸਾਬਤ ਹੋਵੇਗਾ।

**ਕੁਰਸੀ ਦਾ ਵਿਰੋਧ ਕੁਰਸੀ ਲਈ ਕੀਤਾ ਜਾ ਰਿਹੈ—**

ਅਕਾਲੀ ਲੀਡਰੋ, ਜਿੰਨਾ ਚਿਰ ਤੁਸੀਂ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਨੂੰ ਦੋ ਸਮਝੋਗੇ, ਮਾਰ ਈ ਖਾਓਗੇ। ਮਿਸਟਰ ਜਿਨਾਹ ਮਰਦੇ ਦਮ ਤੱਕ ਕਾਂਗਰਸ ਨੂੰ ਹਿੰਦੂ ਜਮਾਤ ਆਖਦਾ ਰਿਹਾ। ਉਹ ਓਨਾ ਚਿਰ ਸਮਝੌਤੇ ਦੀ ਮੇਜ਼ ਤੇ ਨਹੀਂ ਆਇਆ ਜਿੰਨਾ ਚਿਰ ਕਾਂਗਰਸ ਨੇ ਆਪੇ ਨੂੰ ਹਿੰਦੂ ਜਮਾਤ ਨਹੀਂ ਮੰਨ ਲਿਆ। ਜੰਮੂ ਕਸ਼ਮੀਰ ਦੀ ਧਾਰਾ ੩੭੦ ਭਾਵੇਂ ਮਾਂਹ ਤੇ ਚਿਟਿਆਈ ਜਿੰਨੀ ਖ਼ੁਦਮੁਖ਼ਤਿਆਰੀ ਖ਼ਤਮ ਕਰਨ ਲਈ ਸਾਰੇ ਮਾਮੇ ਭਾਣਜੇ ਇਕ ਹਨ। ਤੁਸਾਂ ਜੇ ਅੰਦਰੂਨੀ ਖ਼ੁਦਮੁਖ਼ਤਿਆਰੀ ਲੈਣੀ ਹੈ ਤਾਂ ਜੰਮੂ-ਕਸ਼ਮੀਰ ਦੀ ਧਾਰਾ ੩੭੦ ਨੂੰ ਕਾਇਮ



www.AKJ.Org

ਰੱਖਣ ਲਈ ਕਿਉਂ ਉਸ ਰਾਜ ਦੇ ਲੋਕਾਂ ਦਾ ਸਾਥ ਨਹੀਂ ਦੇਂਦੇ ? ਉਹਨਾਂ ਦੀ ਹਮਾਇਤ ਕਰਕੇ ਤੁਸੀਂ ਆਪਣੀਆਂ ਮੰਗਾਂ ਦਾ ਸਮਰਥਨ ਲੈ ਸਕਦੇ ਹੋ। ਕਾਨੂੰਨੀ ਤੇ ਗੱਲਬਾਤੀ ਢੰਗ ਇਕ ਤਰ੍ਹਾਂ ਫ਼ਰਾਡ ਹੋ ਕੇ ਰਹਿ ਗਏ ਹਨ । ਭਾਰਤ ਸਰਕਾਰ ਲੰਕਾ ਦੇ ਤਾਮਿਲਾਂ ਲਈ ਵੱਧ ਅਧਿਕਾਰਾਂ ਲਈ ਜਤਨਸ਼ੀਲ ਐ; ਪਰ ਸਿੱਖਾਂ ਨੂੰ ਉਹ ਅਧਿਕਾਰ ਦੇਣ ਲਈ ਤਿਆਰ ਨਹੀਂ । ਸਗੋਂ ਜੋ ਉਹਨਾਂ ਕੋਲ ਹੈ ਉਹ ਵੀ ਖੋਹਣ ਦੇ ਜਤਨ ਕਰ ਰਹੀ ਹੈ ।

ਫ਼ਾਰਸੀ ਦੀ ਕਹੌਤ ਐ, ਤੰਗ ਆਮਦ, ਬਜੰਗ ਆਮਦ। ਜਦੋਂ ਗੱਲਬਾਤੀ ਢੰਗ ਫ਼ਿਹਲ ਹੋ ਜਾਣ, ਗੱਲ ਤਾਕਤ ਤੇ ਆ ਜਾਂਦੀ ਹੈ। ਕੀ ਕੇਂਦਰ ਸਰਕਾਰ ਸਮਝੌਤਾ ਨਾ ਲਾਗੂ ਕਰ ਕੇ ਹਾਲਾਤ ਹੋਰ ਨਹੀਂ ਵਿਗਾੜ ਰਹੀ ? ਪੰਜਾਬ ਦੇ ਹਰ ਖੇਤ ਗਲੀ-ਮਹੱਲੇ ਵਿਚ ਪ੍ਰਾਪਤੀਆਂ ਲਈ ਜੂਝਦਿਆਂ ਬੇਥਾਹ ਖ਼ੂਨ ਡੁੱਲ੍ਹਿਆ, ਪਰ ਮਿਲਿਆ ਕੀ ? ਸਰਕਾਰਾਂ ਗੱਲਬਾਤੀ ਢੰਗ ਇਸ ਲਈ ਅੱਗੇ ਲਿਆਉਂਦਿਆਂ ਹਨ ਕਿ ਵਿਰੋਧੀ ਤਾਕਤ ਜੋੜਨਾ ਨਾ ਸ਼ੁਰੂ ਕਰ ਦੇਣ। ਉਭਾਰ ਨਿਘਾਰ ਵੱਲ ਆ ਜਾਵੇ। ਅਕਾਲੀ ਲੀਡਰ, ਅਸਲ ਵਿਚ ਖ਼ੂਬਸੂਰਤ ਲਾਰਿਆਂ ਦਾ ਚੋਗਾ ਖਿਲਾਰ ਕੇ ਸੈਂਟਰ ਨੇ ਬਟੇਰੇ ਫੜਨੇ ਸਨ—ਜਾਲ ਵਿਚ ਫਸਾਉਣੇ ਸਨ। ਉਹਨਾਂ ਫਸਾ ਲਏ ਤੇ ਹੱਥ ਪੈਰ ਨਰੜ ਕੇ ਕੁਰਸੀਆਂ ਵਿਚ ਬਰਾਜਮਾਨ ਕਰ ਦਿੱਤੇ। ਪੰਜਾਬੀ ਭਰਾਓ, ਮੰਗਾਂ ਦੀ ਪੂਰਤੀ ਵਾਲਾ ਸੱਚ ਇਕ ਪਾਸੇ ਤੇ ਰਾਜ ਗੱਦੀ ਦੂਜੇ ਪਾਸੇ। ਕੁਰਸੀ ਜ਼ੁਬਾਨ ਨੂੰ ਲਕਵਾ ਮਾਰ ਦੇਂਦੀ ਐ। ਮੇਰੇ ਕੋਲੋਂ ਸੱਚ ਪੁੱਛੋ ਤਾਂ ਪੰਜਾਬ ਦੇ ਹਿਤਾਂ ਲਈ ਕੋਈ ਲੀਡਰ ਈਮਾਨਦਾਰ ਨਹੀਂ, ਸੰਜੀਦਾ ਨਹੀਂ। ਕੁਰਸੀ ਦਾ ਵਿਰੋਧ ਕੁਰਸੀ ਲਈ ਕੀਤਾ ਜਾ ਰਿਹਾ ਹੈ, ਤੁਹਾਡੀਆਂ ਮੰਗਾਂ ਲਈ ਉੱਕਾ ਨਹੀਂ। ਲੋਕਾਂ ਦੀ ਵਰਾਸਤ ਨੂੰ ਕਈਆਂ ਜੱਦੀ ਜਾਇਦਾਦ ਸਮਝ ਕੇ ਉਥਲ ਪੁਥਲ ਪਾ ਰੱਖੀ ਹੈ। ਵਜ਼ੀਰੀਆਂ ਤੋਂ ਅਸਤੀਫ਼ੇ ਮਾਣ ਅਣਖ ਕਾਰਨ ਨਹੀਂ ਦਿੱਤੇ, ਸਗੋਂ ਇਸ ਵਿਚ ਸੈਂਟਰ ਦੀ ਮਿਲੀ-ਭੁਗਤ ਬਰਾਬਰ ਦੀ ਸ਼ਰੀਕ ਹੈ।

ਰਾਜ ਦੇ ਅੰਦਰਲੇ ਤੇ ਬਾਹਰਲੇ ਸਭ ਲੀਡਰਾਂ ਵਿਚ ਤਿਆਗ ਤੇ ਕੁਰਬਾਨੀ ਦੀ ਭਾਵਨਾ ਜ਼ੀਰੋ ਪਰਸੈਂਟ ਵੀ ਨਹੀਂ ਰਹੀ। ਕਾਂਗਰਸੀ ਲੀਡਰ ਜਿਵੇਂ ਕੇਂਦਰੀ ਸਰਕਾਰ ਸੰਕੇਤ ਦੇਂਦੀ ਰਹੀ, ਵਿਚਾਰੇ ਅੰਗੂਠੇ ਲਾਉਂਦੇ ਰਹੇ। ਨਤੀਜਾ ਪੰਜਾਬ ਦੀ ਆਰਥਿਕ ਅਧੋਗਤੀ ਵਿਚ ਨਿਕਲਿਆ। ਕਮਿਊਨਿਸਟ ਪਾਰਟੀਆਂ ਵਿਚ ਜਾਨ ਹੁੰਦੀ, ਆਪਣੇ ਸੱਚ ਤੇ ਅਮਲ ਕਰਦੇ ਤਾਂ ਹਿੰਦੂਆਂ ਸਿੱਖਾਂ ਵਿਚ ਨਾ ਮਿਲਣ ਵਾਲੀ ਦਰਾੜ ਕਦੇ ਨਾ ਪੈਂਦੀ। ਇਨਕਲਾਬ ਪਿਆ ਖੂਹ ਅਤੇ ਖਾਤੇ, ਇਹ ਹਿੰਦੂਆਂ ਨੂੰ ਈਮਾਨਦਾਰ ਪੰਜਾਬੀ ਵੀ ਨਹੀਂ ਬਣਾ ਸਕੇ। ਜਦ ਸਾਰੇ ਭਾਰਤ ਦੀਆਂ ਰਾਜਸੀ ਪਾਰਟੀਆਂ ਪੰਜਾਬ ਦੇ ਹੱਕਾਂ ਦਾ ਵਿਰੋਧ ਕਰ ਰਹੀਆਂ ਜਾਂ ਆਪਣੀ ਨੀਤੀ ਦੇ ਢਾਂਚੇ ਵਿਚ ਫ਼ਿੱਟ ਕਰਨਾ ਲੋੜਦੀਆਂ ਹੋਣ, ਪੰਜਾਬ ਨੂੰ ਨਿਆਂ ਮਿਲਣ ਦੀ ਆਸ ਲਾਹ ਛੱਡਣੀ ਚਾਹੀਦੀ ਹੈ। ਜਦ ਅਕਾਲੀ ਲੀਡਰਸ਼ਿਪ ਵੀ ਹੰਨੇ ਹੰਨੇ 'ਮੈਂ ਨਾ ਮਾਨੂੰ' ਦੀ ਰੱਟ ਤੇ ਅੜੀ ਹੋਵੇ, ਪੰਜਾਬ ਦੇ ਲੋਕਾਂ, ਖਾਸ ਕਰ ਸਿੱਖਾਂ ਨੂੰ ਹੋਰ ਖ਼ੂਨ ਦੇਣ ਲਈ ਤਿਆਰ ਹੋਣਾ ਚਾਹੀਦਾ ਹੈ। ਇਸ ਵਾਰ ਅਕਾਲੀ ਆਗੂ ਬਰਾਬਰ ਦੇ ਕਾਤਲ ਹੋਣਗੇ। ਮੁਗਲ ਫ਼ੌਜ ਨੇ ਬੰਦੇ ਬਹਾਦਰ ਨੂੰ ਘੇਰਿਆ ਹੋਇਆ ਸੀ ਤੇ ਤੱਤ ਖਾਲਸਾ ਔਖੇ ਸਮੇਂ ਉਹਦਾ ਸਾਥ ਛੱਡ ਗਿਆ। ਉਸ ਹਸ਼ਰ ਨਾਲੋਂ ਅੱਜ ਦੀ ਔਖੀ ਸਥਿਤੀ ਨੂੰ ਬਹੁਤਾ ਨਹੀਂ ਤਾਂ ਦਸ ਨਾਲ ਜ਼ਰਬ ਜ਼ਰੂਰੀ ਦੇ ਲਓ। ਲਾਹਨਤ ਤੇ ਬੇਸ਼ਰਮੀ ਇਹਨਾਂ ਲਈ ਮੱਖੀਆਂ ਹਨ, ਹੱਥ ਫੇਰਿਆ ਤੇ ਚਿਹਰਾ ਸਾਫ।

ਜਿਹੜੀ ਬਿਲਡਿੰਗ ਦੀ ਨੀਂਹ ਰੇਤ ਉੱਤੇ ਰੱਖ ਗਈ ਹੈ, ਉਸ ਕਦੇ ਵੀ ਦਰਾੜਾਂ ਖਾ ਜਾਣੀਆਂ ਹਨ। ਸਗੋਂ ਉਸ, ਵਿਚ ਵਸਦਿਆਂ ਨੂੰ ਲੈ ਮਰਨਾ ਹੁੰਦਾ ਹੈ। ਕੁਰਸੀ ਨੂੰ ਸਥਾਪਤ ਕਰਨ ਲਈ ਜਿਸ ਢੰਗ ਨਾਲ ਬੁਰਕੀਆਂ ਵੰਡੀਆਂ ਹਨ, ਸੱਚ, ਅਸੂਲ ਤੇ ਜ਼ਾਬਤੇ ਨੂੰ ਖੂਹ ਸੁੱਟ ਕੇ ਝੂਠ ਤੇ ਨਿੱਜੀ ਸੁਆਰਥ ਜਿਵੇਂ ਪ੍ਰਧਾਨ ਆ ਬਣੇ ਹਨ। ਹੁਣ ਤਾਂ ਬਾਬਾ ਨਾਨਕ ਹੀ ਕਹਿ ਸਕਦਾ ਹੈ, ਕੂੜੁ ਫਿਰੈ ਪਰਧਾਨੁ ਵੇ ਲਾਲੋ। ਓਏ ਭੋਲੇ ਤੇ ਨਿਰੇ ਸ਼ਰਧਾਵਾਨ ਅਕਾਲੀ ਵਰਕਰੋ, ਤੁਸੀਂ ਹੀ ਜ਼ਰਾ ਕੁ ਸੋਚੋ, ਜਿਹੜੇ ਤੇਰ੍ਹਾਂ ਤੇਰ੍ਹਾਂ ਵਰ੍ਹੇ ਪ੍ਰਧਾਨ ਰਹਿ ਕੇ ਪੰਥ ਦਾ ਕੁਝ ਨਹੀਂ ਸਵਾਰ ਸਕੇ, ਹੁਣ ਕੀ ਰੰਗ ਲਾ ਦੇਣਗੇ ? ਰਾਜੇ ਅੱਗੇ ਆ ਕੇ ਆਪਣਾ ਰਾਜ ਤਾਂ ਕਾਇਮ ਰੱਖ ਸਕਦੇ ਐ, ਕਿਸਾਨੋ ਤੁਹਾਡਾ ਉਹਨਾਂ ਕੁਝ ਨਹੀਂ ਸਵਾਰਨਾ। ਤੁਹਾਨੂੰ ਸੱਚੀ ਦੱਸਾਂ, ਇਹਨਾਂ ਲੀਡਰਾਂ ਨਾ ਮਰਨਾ ਏ ਤੇ ਨਾ



www.AKJ.Org

ਮੰਜਾ ਦੇਣਾ ਏ । ਟਿੰਡ ਵਿਚ ਕਾਨਾ ਜ਼ਰੂਰ ਰੱਖਣਗੇ । ਅਕਾਲੀ ਵਰਕਰਾਂ ਨੂੰ, ਜਿਹੜੇ ਸਾਰੇ ਹੀ ਟੁੱਟੇ ਹੋਏ ਕਿਸਾਨ ਐ, ਮੈਂ ਸੰਜੀਦਗੀ ਨਾਲ ਬੇਨਤੀ ਕਰਦਾ ਹਾਂ, ਤੁਹਾਡਾ ਮੁੱਲ ਵੱਟਿਆ ਜਾ ਰਿਹਾ ਐ ਅਤੇ ਪੰਥ ਤੇ ਪੰਜਾਬ ਦੇ ਹਿਤ ਵਾਲਾ ਵਰਕਾ ਸਮਝੌਤੇ ਵਿਚੋਂ ਪਾੜਿਆ ਜਾ ਚੁੱਕਾ ਹੈ ।

ਇਹਨਾਂ ਧਨੇਸੂਆਂ ਨੂੰ ਲਾਹੁਣ ਅਤੇ ਆਪਣੇ ਹੱਕ ਲੈਣ ਲਈ ਤੁਸੀਂ ਸਰਕਲਾਂ ਅਤੇ ਜ਼ਿਲਿਆਂ ਵਿਚ ਆਪਣੇ ਤੌਰ ਤੇ ਅਨੰਦਪੁਰ ਦੇ ਮਤੇ ਅਤੇ ਪਾਣੀ ਦੇ ਮਸਲੇ ਨੂੰ ਲੈ ਕੇ ਕਨਵੈਨਸ਼ਨਾਂ ਆਰੰਭ ਤੇ ਏਕਤਾ ਦਾ ਨਾਅਰਾ ਦਿਓ । ਸਾਂਝੀ ਸੋਚ ਨੂੰ ਅੱਗੇ ਲਿਆਓ । ਚਲ ਚੁੱਕੇ ਕਾਰਤੂਸਾਂ ਨੂੰ ਇਕ ਇਕ ਉਨ ਦੀ ਮਾਲਾ ਤੇ ਨਿੱਤਨੇਮ ਦਾ ਗੁਟਕਾ ਭੇਟ ਕਰਕੇ ਮੱਥਾ ਟੇਕ ਦਿਓ । ਆਖੋ : ਪੰਡਤਾ, ਜਿੰਨਾ ਨ੍ਹਾਤੀ ਓਨਾ ਹੀ ਪੁੰਨ । ਤੂੰ ਆਪਣੀਆਂ ਪੋਥੀਆਂ ਸਾਂਭ ਤੇ ਘਰ ਨੂੰ ਵਗਦਾ ਹੋ । ਹੁਣ ਆਪਣੀ ਕਿਸਮਤ ਆਪ ਘੜਨ ਲਈ ਲੱਕ ਬੰਨ੍ਹੋ । ਚੜ੍ਹਦੀ ਕਲਾ ਦਾ ਚਮਤਕਾਰਾ ਵਿਖਾਓ । ਤੁਹਾਡੇ ਵਿਚ ਹਿੰਮਤ, ਮਿਹਨਤ, ਕੁਰਬਾਨੀ ਤੇ ਅਕਲ ਸਭ ਕੁਝ ਹੈ । ਬੱਸ ਜਦੋਂ ਪੈਂਦੀ ਐ, ਫੁੱਟ ਤੇ ਭੁੱਖ ਦੀ ਬੀਮਾਰੀ ਆਉਂਦੀ ਐ । ਇਸ ਤੋਂ ਬਚਣ ਲਈ ਅਗਾਊਂ ਪੇਸ਼ਬੰਦ ਕਰੋ । ਇਸ ਮੰਝਧਾਰ ਵਿਚੋਂ ਨਿਕਲਣ ਦਾ ਹੋਰ ਕੋਈ ਰਾਹ ਨਹੀਂ । ਜੂਝਣਾ ਤੁਹਾਨੂੰ ਗੁਰੂ ਗੋਬਿੰਦ ਸਿੰਘ ਨੇ ਸਿਖਾਇਆ ਹੈ । ਕੋਈ ਵੀ ਹੋਰ ਬਿਪਤਾ ਆਉਣ ਤੋਂ ਪਹਿਲਾਂ ਮਜ਼ਬੂਤ ਏਕੇ ਲਈ ਪੂਰਾ ਤਾਣ ਲਾਓ । ਗੁਰੂ ਦਾ ਆਸਰਾ ਤੇ ਆਪਣਾ ਦਰਿੜ ਨਿਸਚਾ ਤੁਹਾਡੇ ਪਤਵਾਰ ਹਨ, ਤੁਸੀਂ ਭਵਜਲੋਂ ਜ਼ਰੂਰ ਪਾਰ ਹੋਵੋਗੇ, ਪਰ ਦਿਲ ਨਾ ਹਾਰਿਓ ।

ਜੇ ਬਰਨਾਲਾ ਛੱਬੀ ਜਨਵਰੀ ਨੂੰ ਸਮਝੌਤੇ ਅਨੁਸਾਰ ਚੰਡੀਗੜ੍ਹ ਨਾ ਦੇਣ ਤੇ ਅਸਤੀਫਾ ਦੇ ਦਿੰਦਾ, ਪੰਜਾਬ ਦਾ ਈਮਾਨਦਾਰ ਤੇ ਸੰਜੀਦਾ ਲੀਡਰ ਸਥਾਪਤ ਹੋ ਜਾਂਦਾ । ਪਰ ਉਹ ਊਠ ਦੇ ਡਿਗਦੇ ਬੁੱਲ੍ਹ ਵੱਲ ਹੀ ਤੱਕਦਾ ਰਿਹਾ । ਲੋਕਾਂ ਸਮਝਿਆ ਉਸ ਨੂੰ ਕੁਰਸੀ ਨੇ ਫੜ ਲਿਆ ਹੈ । ਸੈਂਟਰ ਸਰਕਾਰ ਤੇ ਕਾਂਗਰਸ ਚਾਹੁੰਦੀ ਸੀ, ਕਿਸੇ ਦਾਅ ਮਾਰੀ ਨਾਲ ਬਰਨਾਲੇ ਨੂੰ ਅਕਾਲੀ ਏਕਤਾ ਤੋਂ ਉਖੇੜ ਕੇ ਆਪਣੇ ਆਸਰੇ ਤੇ ਲੈ ਆਂਦਾ ਜਾਵੇ, ਤਾਂ ਜੁ ਇਸ ਤਰ੍ਹਾਂ ਪੰਜਾਬ ਦਾ ਇਕ ਹੋਰ ਲਛਮਣ ਸਿੰਘ ਸੁਖਾਲਿਆਂ ਹੀ ਖ਼ਤਮ ਕੀਤਾ ਜਾ ਸਕੇ । ਅਕਾਲੀ ਵਰਕਰੋ ! ਤੁਹਾਡੇ ਸਿਦਕ ਅਤੇ ਸੱਚ ਉੱਤੇ ਕਿੰਤੂ ਨਹੀਂ । ਤੁਹਾਡੀ ਕੁਰਬਾਨੀ ਅੱਗੇ ਸੰਸਾਰ ਇਤਿਹਾਸ ਦਾ ਸਿਰ ਝੁਕਦਾ ਹੈ । ਤੁਸੀਂ ਮੇਰੀ ਕਨਵੈਨਸ਼ਨਾਂ ਵਾਲੀ ਗੱਲ ਤੇ ਸੰਜੀਦਗੀ ਨਾਲ ਗ਼ੌਰ ਕਰੋ । ਹਥਿਆਰ ਚੁੱਕੀ ਫਿਰਦੇ, ਮਰਨ ਮਾਰਨ ਤੇ ਆਏ ਮੁੰਡੇ, ਜਿਸ ਦੇ ਵੀ ਸੰਪਰਕ ਵਿਚ ਆਉਣ, ਉਹਨਾਂ ਨੂੰ ਸਮਝਾਓ । ਬੇਨਤੀ ਕਰੋ : 'ਪੁੱਤਰੋ ! ਤੁਸੀਂ ਪੰਜਾਬ ਦਾ ਅਸਲ ਸੋਨਾ ਹੋ—ਤੁਸੀਂ ਵੀ ਮਾਰੇ ਗਏ, ਬਾਕੀ ਤਾਂ ਰੇਤ ਹੀ ਰਹਿ ਜਾਣੀ ਹੈ । ਜਿਸ ਵਿਚ ਨਾ ਕੁਝ ਉੱਗੇ, ਜੇ ਉੱਗੇ ਤਾਂ ਸੜ ਭੁਜ ਜਾਵੇ । ਤੁਹਾਡਾ ਰਾਹ ਸਮੇਂ ਦੀ ਨੀਤੀ ਅਨੁਸਾਰ ਸਹੀ ਨਹੀਂ ।' ਆਪਣੀ ਗੱਲ ਮਨਵਾਉਣ ਲਈ ਉਹਨਾਂ ਨੂੰ ਮਜਬੂਰ ਕਰ ਦਿਓ ।

ਪੰਜਾਬ ਸਰਕਾਰ ਜੇ ਈਮਾਨਦਾਰੀ ਨਾਲ ਹਥਿਆਰ ਚੁੱਕੀ ਫਿਰਦੇ ਮੁੰਡਿਆਂ ਨੂੰ ਕੌਮੀ ਮੁਖਧਾਰਾ ਨਾਲ ਜੋੜਨਾ ਚਾਹੁੰਦੀ ਐ ਤਾਂ ਉਸ ਨੂੰ ਲੋਕਾਂ ਦਾ ਸਾਂਝਾ ਤੇ ਈਮਾਨਦਾਰ ਕਮਿਸ਼ਨ ਨੀਯਤ ਕਰਨਾ ਚਾਹੀਦਾ ਹੈ । ਜਿਸ ਅੱਗੇ ਉਹ ਨਿਧੱੜਕ ਹਥਿਆਰ ਸੁੱਟ ਸਕਣ । ਪੁਲੀਸ ਅੱਗੇ ਉਹਨਾਂ ਹਥਿਆਰ ਨਹੀਂ ਸੁੱਟਣੇ, ਮਰ ਨਿਸ਼ੰਗ ਜਾਣ । ਉਹਨਾਂ ਨੂੰ ਛੋਟ ਦੀ ਪੱਕੀ ਗਰੰਟੀ ਦਿੱਤੀ ਜਾਵੇ । ਲੋਕਾਂ ਦੇ ਸਾਂਝੇ ਕਮਿਸ਼ਨ ਤੇ ਉਹ ਭਰੋਸਾ ਕਰ ਲੈਣਗੇ, ਸਰਕਾਰ ਅਤੇ ਪੁਲੀਸ ਉੱਤੇ ਵਿਸ਼ਵਾਸ ਨਹੀਂ ਕਰਨਗੇ । ਸੈਕਟਰੀ ਪੱਧਰ ਦਾ ਇਕ ਨੁਮਾਇੰਦਾ ਸਰਕਾਰ ਉਸ ਕਮਿਸ਼ਨ ਵਿਚ ਨਿਸ਼ੰਗ ਪਾ ਲਵੇ । ਮੈਨੂੰ ਭਰੋਸਾ ਹੈ ਇਉਂ ਪੰਜਾਬ ਵਿਚੋਂ ਖ਼ੂਨ ਖ਼ਰਾਬਾ ਬੰਦ ਹੋ ਸਕਦਾ ਹੈ । ਸਿੱਖ ਨੌਜਵਾਨੀ ਨੂੰ ਜਿੰਨਾ ਦਬਾਉਗੇ, ਜਿਵੇਂ ਕਿ ਕਾਰਵਾਈ ਜਾਰੀ ਹੈ, ਉਸ ਤੋਂ ਦੂਣੇ ਜੋਸ਼ ਨਾਲ ਉੱਭਰੇਗੀ । ਜੇ ਨੌਜਵਾਨ ਗ਼ਲਤ ਐ ਤਾਂ ਪੁਲੀਸ ਤੇ ਸਰਕਾਰ ਦਾ ਰਵੱਈਆ ਵੀ ਗ਼ਲਤ ਐ । ਟਕਰਾਅ ਹੁਣ ਤੱਕ ਗ਼ਲਤ ਨੀਤੀ ਕਾਰਨ ਵਧਦਾ ਗਿਆ ਹੈ ।

ਜੇ ਬਲਿਊ ਸਟਾਰ ਐਕਸ਼ਨ ਗ਼ਲਤ ਸੀ ਤਾਂ ਦਰਬਾਰ ਸਾਹਿਬ ਵਿਚ ਸਿੱਖ ਹੁਕਮਰਾਨ ਦੇ ਹੁਕਮ ਨਾਲ ਪੁਲੀਸ ਐਕਸ਼ਨ ਕਿਵੇਂ ਸਹੀ ਹੋਵੇਗਾ ? ਭੁੱਲ ਮੰਨਣਾ ਦਲੇਰੀ ਵਾਲੀ ਗੱਲ ਐ । ਜੇ ਬਰਨਾਲਾ ਸਾਹਿਬ ਨੂੰ ਸਿੱਖ



www.AKJ.Org

ਪੰਥ ਦੀ ਏਕਤਾ ਲਈ ਗੱਦੀ ਵੀ ਛੱਡਣੀ ਪਵੇ, ਛੱਡ ਦੇਣੀ ਚਾਹੀਦੀ ਹੈ। ਪਰ ਪੁਰਾਣੇ ਖੜਪੈਂਚਾਂ ਨੂੰ ਕਿਸੇ ਸੂਰਤ ਵਿਚ ਅੱਗੇ ਨਾ ਲਿਆਂਦਾ ਜਾਵੇ। ਜਿਹਨਾਂ ਪੁਆੜੇ ਪਾਏ ਐ, ਉਹ ਏਕਤਾ ਦੇ ਆਗੂ ਨਹੀਂ ਹੋ ਸਕਦੇ। ਉਹਨਾਂ ਦੀ ਜ਼ਿਹਨੀਅਤ ਲੋਕਾਂ ਚੱਜ ਨਾਲ ਪਰਖ ਲਈ ਹੈ ਤੇ ਨਤੀਜੇ ਵੀ ਭੁਗਤ ਲਏ ਹਨ। ਇਸ ਅਧੋਗਤੀ ਦੇ ਸਮੇਂ ਤਾਰੀਖ ਉਸ ਨੂੰ ਹੀ ਮਹਾਨ ਹੀਰੋ ਸਮਝੇਗੀ, ਜਿਹੜਾ ਕੁਰਬਾਨੀ ਕਰਕੇ ਏਕਤਾ ਸਥਾਪਤ ਕਰ ਗਿਆ। ਵਰਨਾ ਹਰੀਜਨ ਔਰਤ ਦੇ ਆਖਣ ਵਾਂਗ ਜੇ ਸਾਰੇ ਸਵੇਰ ਨੂੰ ਸੁੱਤੇ ਹੀ ਰਹਿ ਜਾਣ, ਪੰਜਾਬ ਨੂੰ ਕੋਈ ਘਾਟਾ ਨਹੀਂ ਪੈਣ ਲੱਗਾ। ਲੋਕ ਸ਼ੁਕਰ ਕਰਨਗੇ, ਪਾਪ ਮਗਰੋਂ ਲੱਥੇ।

ਇਕ ਗੱਲ ਬਾਬਾ ਆਮਟੇ ਤੇ ਸੁਸ਼ੀਲ ਮੁਨੀ ਜੀ ਬਾਰੇ ਵੀ ਆਖਣਾ ਚਾਹੁੰਦਾ ਆਂ। ਉਹਨਾਂ ਸਿੱਖਾਂ ਨੂੰ ਤਾਂ ਬੜੀਆਂ ਅਪੀਲਾਂ ਕੀਤੀਆਂ, ਪਰ ਸਿੱਖਾਂ ਦੇ ਦੁੱਖਾਂ ਤੇ ਹੱਕੀ ਮੰਗਾਂ ਬਾਰੇ ਕਿਉਂ ਮੂੰਹ ਸਿਉਂ ਰੱਖੇ। ਉਹਨਾਂ ਪੰਜਾਬ ਦੇ ਹਿੰਦੂਆਂ ਨੂੰ ਕਿਉਂ ਨਹੀਂ ਰੋਕ ਕੇ ਆਖਿਆ ਕਿ ਤੁਹਾਡੀ ਮਾਂ ਬੋਲੀ ਪੰਜਾਬੀ ਐ ਤੇ ਤੁਹਾਡੇ ਈਮਾਨਦਾਰ ਪੰਜਾਬੀ ਬਣੇ ਬਿਨਾਂ ਪੰਜਾਬ ਵਿਚ ਅਮਨ ਨਹੀਂ ਹੋਣਾ। ਅੱਗ ਲੱਗਣ ਦੀ ਬੁਨਿਆਦ ਨੂੰ ਕਿਉਂ ਨਹੀਂ ਫੜਿਆ। ਹਿੰਦੋਸਤਾਨ ਦਾ ਸਾਰਾ ਕੌਮੀ ਪ੍ਰੈੱਸ ਸਿੱਖ ਹਿਤਾਂ ਦਾ ਡਟ ਕੇ ਵਿਰੋਧ ਕਰ ਰਿਹਾ ਹੈ। ਅਸੀਂ ਸਿੱਖ ਖਾਲਿਸਤਾਨ ਨਹੀਂ ਚਾਹੁੰਦੇ, ਪਰ ਮੁਨੀ ਜੀ ਸਾਰੀਆਂ ਹਿੰਦੂ ਸੰਸਥਾਵਾਂ, ਪ੍ਰੈੱਸ, ਵਿਰੋਧੀ ਰਾਜਸੀ ਪਾਰਟੀਆਂ ਤੇ ਸੈਂਟਰ ਸਰਕਾਰ ਦਾ ਤੁਰਿਆ ਆ ਰਿਹਾ ਵਿਤਕਰੇ ਭਰਿਆ ਰਵੱਈਆ ਤਾਂ ਆਪਣੇ ਆਪ ਖਾਲਿਸਤਾਨ ਨੂੰ ਧੱਕੀ ਆ ਰਿਹਾ ਹੈ। ਜਿਵੇਂ ਪਾਕਿਸਤਾਨ ਅੱਗੇ ਲਿਆਂਦਾ ਸੀ। ਭਾਰਤ ਬਹੁ-ਕੌਮੀ ਦੇਸ਼ ਐ। ਇਹਨਾਂ ਕੌਮੀਅਤਾਂ ਦੀ ਆਪਣੀ ਬੋਲੀ, ਇਤਿਹਾਸ ਤੇ ਜਾਗਦੀ ਸਭਿਅਤਾ ਹੈ। ਇਹਨਾਂ ਨੂੰ ਖੁੱਲ੍ਹ ਦਿੱਤੇ ਬਿਨਾਂ ਇਸ ਵਿਸ਼ਾਲ ਦੇਸ਼ ਨੂੰ ਇਕੱਠਾ ਨਹੀਂ ਰੱਖਿਆ ਜਾ ਸਕਦਾ। ਇਤਿਹਾਸ ਗਵਾਹ ਹੈ, ਜਦੋਂ ਵੀ ਸਾਰੀਆਂ ਕੌਮੀਅਤਾਂ ਨੂੰ ਇਕ ਰੱਸੇ ਨਰੜਨ ਦੀ ਕੋਸ਼ਿਸ਼ ਕੀਤੀ, ਓਦੋਂ ਹੀ ਬਗ਼ਾਵਤਾਂ ਫੁਟੀਆਂ ਤੇ ਦੇਸ਼ ਟੁਕੜੇ ਟੁਕੜੇ ਹੋਇਆ। ਹਰ ਕੌਮੀਅਤ ਦੀ ਹੋਂਦ ਨੂੰ ਕਾਇਮ ਰੱਖੇ ਬਿਨਾਂ ਨਾ ਦੇਸ਼ ਇਕਮੁੱਠ ਰਹਿ ਸਕਦਾ ਹੈ ਤੇ ਨਾ ਹੀ ਖ਼ੁਸ਼ਹਾਲ ਹੋ ਸਕਦਾ ਹੈ। ਅਸੀਂ ਹਰ ਉਸ ਵਿਅਕਤੀ ਨੂੰ, ਆਪੋ ਵਿਚ ਭਾਵੇਂ ਉਹ ਕਿੰਨਾ ਹੀ ਵਿਸ਼ੇਸ਼ ਕਿਉਂ ਨਾ ਹੋਵੇ, ਪੰਜਾਬ ਦੇ ਹਿਤਾਂ ਦਾ ਕਾਤਲ ਸਮਝਦੇ ਆਂ, ਜਿਹੜਾ ਸਾਨੂੰ ਤਾਂ ਉਪਦੇਸ਼ ਦੇਂਦਾ ਐ– ਪਰ ਰਾਣੀ ਨੂੰ ਅੱਗਾ ਢੱਕਣ ਲਈ ਨਹੀਂ ਕਹਿੰਦਾ। ਇਕਤਰਫ਼ਾ ਇਸ਼ਕ (ਤੁਸੀਂ ਬੜੇ ਬਹਾਦਰ ਹੋ, ਹਿੰਦੂ ਦੇ ਰਾਖੇ ਓ, ਸਭ ਚਾਪਲੂਸੀਆਂ ਹਨ) ਇਕ-ਪਾਸੜ ਉਪਦੇਸ਼ ਤੇ ਇਸ ਤੇ ਵੀ ਵਿਤਕਰਾ, ਅਮਨ ਨੂੰ ਨਹੀਂ, ਬਦਅਮਨੀ ਨੂੰ ਸੱਦਾ ਦੇ ਰਹੇ ਐ।

ਅਸਾਂ ਸੈਂਟਰ ਸਰਕਾਰ ਤੋਂ ਆਪਣਾ ਹੱਕ ਲੈਣਾ ਹੈ ਤੇ ਉਸ ਦੇ ਹੀ ਬਣਾਏ ਕਮਿਸ਼ਨਾਂ ਤੇ ਕਿਵੇਂ ਭਰੋਸਾ ਕਰ ਸਕਦੇ ਆਂ। ਕੌਮਾਂਤਰੀ ਕਾਨੂੰਨ ਰਾਹੀਂ ਅਸੀਂ ਪਾਣੀ ਦੇ ਮਾਲਕ ਆਂ। ਪਰ ਚੁਸਤੀ ਨਾਲ ਨਵਾਂ ਕਾਨੂੰਨ ਅੱਗੇ ਲਿਆਂਦਾ ਜਾ ਰਿਹਾ ਹੈ। ਸੌ ਹੱਥ ਰੱਸਾ, ਸਿਰੇ ਤੇ ਗੰਢ, ਸੈਂਟਰ ਨੇ ਧੰਨੇ ਦਾ ਪਾਣੀ ਖੋਹਣਾ ਹੀ ਖੋਹਣਾ ਹੈ, ਆਪਣੀ ਹੇਰਾਫੇਰੀ ਲੁਕਾਉਣ ਲਈ ਭਾਵੇਂ ਕਾਨੂੰਨ ਬਣਾ ਲਵੇ। ਮੈਂ ਮੁਨੀ ਜੀ ਨੂੰ ਪੁੱਛਦਾ ਆਂ, ਤੁਸੀਂ ਸਮਝੌਤਾ ਕਰਵਾਉਣ ਲਈ ਅਕਾਲੀ ਲੀਡਰਾਂ ਨੂੰ ਵਲ ਕੇ ਦਿੱਲੀ ਲੈ ਗਏ, ਦੁਆਇਆ ਕੀ ਪੰਜਾਬ ਨੂੰ? ਸਾਨੂੰ ਪੂਰੀ ਸਮਝ ਐ ਤੁਸੀਂ ਕਿਸ ਦੇ ਵਕੀਲ ਹੋ। ਅਸੀਂ ਮੁਨੀਆਂ ਸਵਾਮੀਆਂ ਦੇ ਪੱਟੇ ਹਾਲੇ ਤੱਕ ਤਾਬ ਨਹੀਂ ਆਏ। ਸਾਡਾ ਅਕਾਲ ਪੁਰਖ ਉੱਤੇ ਭਰੋਸਾ ਹੈ। ਅਸੀਂ ਗੁਰੂ ਗੋਬਿੰਦ ਸਿੰਘ ਦੇ ਜਾਏ ਤੇ ਬੰਦਾ ਬਹਾਦਰ ਦੀ ਉਮਤ, ਜਦੋਜਹਿਦ ਜਾਰੀ ਰਖਾਂਗੇ, ਜਦੋਂ ਤੋੜੀ ਸਾਨੂੰ ਸਾਡੇ ਹੱਕ ਨਹੀਂ ਮਿਲ ਜਾਂਦੇ।

ਗੱਲ ਅਕਾਲੀ ਲੀਡਰਾਂ ਦੀ ਖ਼ੁਦਗਰਜ਼ੀ ਤੋਂ ਸ਼ੁਰੂ ਕੀਤੀ ਸੀ ਤੇ ਸਵਾਮੀਆਂ ਮੁਨੀਆਂ ਤੇ ਲੈ ਆਇਆ ਆਂ। ਮੈਂ ਉਹਨਾਂ ਵਰਗਾ ਮਹਾਨ ਨਹੀਂ। ਪਰ ਆਪੇ ਨੂੰ ਜਾਨਦਾਰ ਅਲਪ ਜ਼ਰੂਰ ਸਮਝਦਾ ਆਂ। ਉਹਨਾਂ ਆਪਣੀ ਜਮਾਤੀ ਸਰਕਾਰ ਦੀ ਹਮਾਇਤ ਵਿਚ ਫੇਰੀਆਂ ਪਾਈਆਂ। ਸਰਮਾਏਦਾਰੀ ਦੀ ਜਕੜ ਮਜ਼ਬੂਤ ਕਰਨ ਲਈ ਉਹਨਾਂ ਦੇਸ਼ ਦੀ ਏਕਤਾ ਦੀ ਦੋਹਾਈ ਦਿੱਤੀ। ਮੈਂ ਆਪਣੇ ਕਿਸਾਨ ਤੇ ਸਿੱਖ ਭਾਈਚਾਰੇ ਲਈ ਕਿਉਂ ਨਾ ਦੋਹਾਈ ਦੇਂਦਾ। ਮੇਰਾ ਚੁੱਪ ਰਹਿਣਾ, ਮੈਨੂੰ ਦੋਸ਼ੀ ਬਣਾਉਂਦਾ ਐ। ਇਸ ਤਰ੍ਹਾਂ ਉਹ ਪੰਜਾਬੀ ਸਭ ਦੋਸ਼ੀ ਬਣਨਗੇ, ਜਿਹੜੇ ਹੱਕ ਸੱਚ



www.AKJ.Org

# ਧਰਮ ਕੀ ਗਤਿ ਰਹੀ

ਪੰਥਕ ਲੀਡਰਸ਼ਿਪ ਦੀ ਦੁਰਦਸ਼ਾ ਵੇਖ ਕੇ ੧੯੮੦ ਵਿਚ 'ਸੂਰਾ' ਪਰਵਾਰ ਵਲੋਂ ਇਕ ਟ੍ਰੈਕਟ 'ਧਰਮ ਕੀ ਗਤਿ ਰਹੀ' ਛਪਵਾ ਕੇ ਵੰਡਿਆ ਗਿਆ ਸੀ। ਅਜ ਛੇ ਸਾਲ ਬਾਅਦ ਪੰਥਕ ਲੀਡਰਸ਼ਿਪ ਦੀ ਦਸ਼ਾ ਵਧੇਰੇ ਦੁਖਦਾਈ ਅਤੇ ਘ੍ਰਿਣਤ ਰੂਪ ਧਾਰਨ ਕਰ ਗਈ ਹੈ। ਧਰਮ ਦੇ ਬੁਰਕੇ ਥਲੇ ਕੁਟਲ ਸਿਆਸਤ ਦਾ ਜੋ ਨੰਗਾ ਨਾਚ ਕੀਤਾ ਜਾ ਰਿਹਾ ਹੈ ਉਹ ਧਰਮ ਅਤੇ ਧਰਮੀਆਂ ਲਈ ਬਹੁਤ ਹਾਨੀਕਾਰਕ ਹੈ। ਇਸ ਛਲ-ਨਾਟਕ ਤੋਂ ਖ਼ਬਰਦਾਰ ਕਰਨ ਲਈ ਇਹ ਟ੍ਰੈਕਟ ਮੁੜ 'ਸੂਰਾ' ਵਿਚ ਛਾਪਿਆ ਜਾ ਰਿਹਾ ਹੈ। —ਸੰਪਾਦਕ

## ਗੋਸ਼ਟੀ ਨੰਬਰ ੧—

"ਬਾਪੂ ਜੀ! ਤੁਸੀਂ ਕੁਝ ਪੜ੍ਹਿਆ ਸੁਣਿਐ?"

"ਕੀ ਬੱਚਾ?"

"ਸ੍ਰੀ ਅਕਾਲ ਤਖ਼ਤ ਤੋਂ ਪੰਜਾਂ ਸਿੰਘਾਂ ਦੇ ਦਸਖਤਾਂ ਹੇਠਾਂ ਸ਼੍ਰੋਮਣੀ ਅਕਾਲੀ ਦਲ ਦੇ ਦੋ ਧੜਿਆਂ ਦੇ ਅੰਦਰਲੇ ਝਗੜੇ ਸੰਬੰਧੀ ਫ਼ੈਸਲਾ ਸੁਣਾਇਆ ਗਿਐ।"

"ਹਾਂ! ਅਖ਼ਬਾਰ ਵਿਚ ਪੜ੍ਹਿਆ ਹੈ।"

"ਤੁਹਾਡਾ ਇਸ ਬਾਰੇ ਕੀ ਵਿਚਾਰ ਹੈ? ਬਾਪੂ ਜੀ!"

"ਕਾਕਾ! ਮੇਰੇ ਵਿਚਾਰਾਂ ਦੀ ਕੀ ਵੁਕਤ ਹੈ?"

"ਕਿਉਂ ਬਾਪੂ ਜੀ! ਵੁਕਤ ਕਿਉਂ ਨਹੀਂ? ਤੁਸੀਂ ਸਾਰੀ ਉਮਰ ਪੰਥ-ਸੇਵਕ ਰਹੇ। ਤੁਹਾਡੇ ਵਿਚਾਰਾਂ ਤੋਂ ਗੁਰਮਤਿ ਬਾਰੇ ਬੜੀ ਨਿਗਰ ਸੇਧ ਮਿਲਦੀ ਹੈ। ਮੈਂ ਆਪਣੀ ਗਿਆਤ ਲਈ ਹੀ ਤੁਹਾਥੋਂ ਪੁਛ ਕੀਤੀ ਹੈ।"

"ਦੇਖ ਬੱਚਾ; ਗੁਰਮਤਿ ਦੇ ਕਿਸੇ ਸਿਧਾਂਤ ਸੰਬੰਧੀ ਪਰਸਪਰ ਮਤ-ਭੇਦ ਹੋਵੇ ਤਾਂ ਉਸ ਸੰਬੰਧੀ ਸਪੱਸ਼ਟੀ-ਕਰਨ ਦੇਣਾ ਜਾਂ ਫ਼ੈਸਲਾ ਕਰਨਾ ਅਕਾਲ ਤਖ਼ਤ ਦਾ ਕਰਤੱਵ ਬਣਦਾ ਹੈ। ਪਰ ਪਾਰਟੀ ਧੜਿਆਂ ਦੀ ਖਹਿ-ਮ-ਖਹਿ ਵਿਚ ਆਉਣਾ ਠੀਕ ਨਹੀਂ ਜਾਪਦਾ। ਲੋਕੀਂ ਆਖਦੇ ਨੇ ਇਹਨਾਂ ਸਿਆਸੀ ਲੋਕਾਂ ਦਾ ਦੀਨ ਈਮਾਨ ਕੋਈ ਨਹੀਂ ਹੁੰਦਾ, ਜਦੋਂ ਮਰਜ਼ੀ ਬਦਲ ਜਾਂਦੇ ਨੇ। ਇਹਨਾਂ ਨੂੰ ਉਹੀ ਫ਼ੈਸਲਾ ਪਰਵਾਨ ਹੁੰਦਾ ਹੈ ਜਿਹੜਾ ਉਹਨਾਂ ਦੇ ਅਨਕੂਲ ਹੋਵੇ। ਜਦੋਂ ਕੋਈ ਫ਼ੈਸਲਾ ਉਹਨਾਂ ਦੇ ਵਿਰੁਧ ਜਾਂਦਾ ਹੋਵੇ ਤਾਂ ਉਸ ਫ਼ੈਸਲੇ ਨੂੰ ਅਤੇ ਫ਼ੈਸਲਾ ਕਰਨ ਵਾਲਿਆਂ ਨੂੰ ਟਿੱਚ ਸਮਝਦੇ ਨੇ। ਅਜਿਹੀ ਦਸ਼ਾ ਵਿਚ ਇਹਨਾਂ ਦੇ ਝਗੜਿਆਂ ਵਿਚ ਆਉਣਾ ਕੋਈ ਭਲੀ ਗੱਲ ਨਹੀਂ।"

"ਬਾਪੂ ਜੀ! ਤੁਸੀਂ ਆਪ ਕਿਹਾ ਕਰਦੇ ਸੀ ਕਿ ਸ਼੍ਰੋਮਣੀ ਅਕਾਲੀ ਦਲ ਪੰਥਕ ਪਾਰਟੀ ਹੈ। ਫਿਰ ਇਸ ਪੰਥਕ ਪਾਰਟੀ ਵਿਚ ਜੇ ਤਰੇੜ ਆਵੇ ਤਾਂ ਕੀ ਅਕਾਲ ਤਖਤ ਦਾ ਫ਼ਰਜ਼ ਨਹੀਂ ਬਣ ਜਾਂਦਾ ਕਿ ਇਸ ਨੂੰ ਮਿਟਾਵੇ?"

"(ਹਾਹੁਕਾ ਲੈ ਕੇ!) ਇਸ ਵਿਚ ਸ਼ੱਕ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਦੀ ਨੁਮਾਇੰਦਾ ਜਮਾਤ ਹੈ। ਅਕਾਲ ਤਖ਼ਤ ਦੀ ਅਗਵਾਈ ਅਧੀਨ ਸ਼੍ਰੋਮਣੀ ਅਕਾਲੀ ਦਲ ਪੰਥਕ ਹਿਤਾਂ ਦੀ ਅਤੇ ਸਰਬੱਤ ਮਨੁਖਤਾ ਦੇ ਹਿਤਾਂ ਦੀ ਰਾਖੀ ਦਾ ਜ਼ਾਮਨ ਹੈ। ਗੁਰਮਤਿ ਨੂੰ ਪਰਚਾਰਨ ਲਈ, ਤੇ ਪੰਥ ਦੀ ਚੜ੍ਹਦੀ ਕਲਾ ਅਤੇ ਪੰਥਕ ਹਿਤਾਂ ਦੀ ਰਾਖੀ ਲਈ ਨਿਰੰਤਰ ਯਤਨ-ਸ਼ੀਲ

---

✿ ਨੂੰ ਸਮਝਦੇ ਕੁੰਦੇ ਨਹੀਂ। ਕੀ ਸਮਾਂ ਉਹਨਾਂ ਨੂੰ ਲਾਹਨਤੀ ਨਹੀਂ ਕਹੇਗਾ? ਸੋ ਈਮਾਨਦਾਰ ਪੰਜਾਬੀਓ, ਅਕਾਲੀ ਵਰਕਰੋ, ਜੇ ਆਪਣੀਆਂ ਹੱਕੀ ਮੰਗਾਂ ਦੀ ਫਤਹ ਕਰਨੀ ਹੈ, ਅਮਨ ਤੇ ਖ਼ੁਸ਼ਹਾਲੀ ਅੱਗੇ ਲਿਆਉਣੀ ਹੈ, ਤਾਂ ਗੁੰਹਾਂ ਲੱਗੇ ਬੋਹੜਾਂ ਨੂੰ ਉਲਟਾਓ ਤੇ ਏਕਤਾ ਕਰਕੇ ਪੰਜਾਬ ਨੂੰ ਬਚਾਓ।

ਲੀਡਰਾਂ ਦੇ ਮੋਢਿਓਂ ਲਹਿ ਕੇ ਗੱਲ ਵਰਕਰਾਂ ਦੇ ਬੂਹੇ ਆ ਖਲੋਤੀ ਐ। ਅਕਾਲੀ ਵਰਕਰੋ, ਏਕਤਾ ਲਈ ਕੁਝ ਵੀ ਕਰੋ। ਵਰਨਾ ਪੰਥ, ਪੰਥ ਨਹੀਂ ਰਹੇਗਾ ਤੇ ਪੰਜਾਬ; ਪੰਜਾਬ ਨਹੀਂ ਰਹੇਗਾ। ਸਮਾਂ ਸਭ ਦੇ ਈਮਾਨ ਪਰਖ ਰਿਹਾ ਹੈ।

—ਅਜੀਤ ੧੮,੧੯,੨੦ ਮਈ ੧੯੮੩



www.AKJ.Org

ਰਹਿਣਾ ਸ਼੍ਰੋਮਣੀ ਅਕਾਲੀ ਦਲ ਦਾ ਪਰਮੁਖ ਕਰਤੱਵ ਹੈ।

"ਬੱਚਾ ! ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਬੜਾ ਗੌਰਵ ਮਈ ਹੈ। ਪੰਥ ਦੀ ਸ਼ਾਨ ਉਚੀ ਰਖਣ ਲਈ ਅਕਾਲੀ ਸੂਰਬੀਰਾਂ ਨੇ ਹੱਸ ਹੱਸ ਜਾਨਾਂ ਵਾਰੀਆਂ। ਗੁਰਦੁਆਰਿਆਂ ਵਿਚੋਂ ਕੁਰੀਤੀਆਂ ਦੂਰ ਕਰਨ ਲਈ ਗੋਲੀਆਂ ਖਾਧੀਆਂ, ਜੀਉਂਦੇ ਸਾੜੇ ਗਏ। ਧਰਮ ਹਿਤ ਕਿਸੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਸੰਕੋਚ ਨਾ ਕੀਤਾ। ਅਤੇ ਇਹ ਸਭ ਕੁਝ 'ਆਤਮ ਦੇ ਚਾਅ' ਹਿਤ ਕੀਤਾ। ਧਰਮੀ ਜੀਊੜਿਆਂ ਨੇ ਦੇਸ਼ ਦੇ ਸੁਤੰਤਰਤਾ-ਸੰਗਰਾਮ ਵਿਚ ਵੀ ਬਾਕੀ ਦੇਸ਼-ਵਾਸੀਆਂ ਤੋਂ ਕਿਤੇ ਵਧ ਹਿੱਸਾ ਪਾਇਆ।

"ਪਰ ਹੁਣ 'ਮੋਈ ਤਾਂ ਜੇ ਸਾਹ ਨਾਂ ਆਇਆ', ਸ਼੍ਰੋਮਣੀ ਅਕਾਲੀ ਦਲ ਦੀ ਵਰਤਮਾਨ ਦਸ਼ਾ ਇਹ ਹੈ ਕਿ ਪੰਥ ਦਾ ਸਰਬੋਤਮ ਨਾਮ ਵਰਤ ਕੇ ਸਿਆਸੀ ਸਤਿਆ ਪ੍ਰਾਪਤ ਕਰਨ ਅਤੇ ਫਿਰ ਮਨ-ਮਾਨੀ ਕਰਨ ਦਾ ਅਖਾੜਾ ਬਣਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਧਾਰਮਕ ਨਹੀਂ, ਸਗੋਂ ਸਿਆਸੀ ਪਾਰਟੀ ਬਣ ਗਿਆ ਹੈ। ਅਫ਼ਸੋਸ ਇਹ ਹੈ ਕਿ ਇਸ ਦੀ ਸਿਆਸਤ ਧਰਮ ਤੋਂ ਬਿਲਕੁਲ ਕੋਰੀ ਹੈ। ਤੂੰ ਦੇਖਦਾ ਨਹੀਂ ਕਿ ਕਈ ਜਿਹੜੇ ਅੰਦਰਖ਼ਾਨੇ ਰੋਜ਼ ਦਾਰੂ ਪੀਣ ਵਾਲੇ ਨੀਲੀ ਪਗੜੀ ਬੰਨ੍ਹ ਕੇ ਕੇਵਲ ਅਕਾਲੀ ਹੀ ਨਹੀਂ, ਸਗੋਂ ਇਸ ਪਾਰਟੀ ਦੇ ਚੌਧਰੀ ਬਣੇ ਫਿਰਦੇ ਨੇ। ਅਕਾਲ ਤਖ਼ਤ ਦੀ ਨੁਮਾਇੰਦਗੀ ਕਰਨੀ ਤਾਂ ਇਕ ਪਾਸੇ ਰਹੀ, ਅਜਿਹੇ ਵਿਅਕਤੀ ਇਕ ਤਰ੍ਹਾਂ ਨਾਲ ਅਕਾਲ ਤੁਖ਼ਤ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ੀ ਹਨ। ਪਰ ਰਾਣੀ ਨੂੰ ਕੌਣ ਆਖੇ ਅੱਗਾ ਢੱਕ। ਅਜਿਹੀ ਦੁਰਦਸ਼ਾ ਦੇਖ ਕੇ ਚਿਤ ਨੂੰ ਡੋਬੂ ਪੈਂਦਾ ਏ।"

"ਬਾਪੂ ਜੀ ! ਜੇ ਅਕਾਲੀ ਦਲ ਦੀ ਵਰਤਮਾਨ ਦਸ਼ਾ ਤੁਹਾਡੀ ਜਾਚੇ ਏਨੀ ਨਿਘਰ ਗਈ ਹੈ ਤਾਂ ਕੀ ਅਕਾਲ ਤਖ਼ਤ ਦੇ ਅਧਿਕਾਰੀਆਂ ਨੂੰ ਇਸ ਦਾ ਪਤਾ ਨਹੀਂ ? ਉਹਨਾਂ ਨੇ ਸਮੂਹ ਸਿੱਖ ਸੰਗਤਾਂ ਨੂੰ ਸੂਚਿਤ ਕੀਤਾ ਹੈ ਕਿ ਪੰਥ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦੀ ਨੂੰ ਸਭ ਤੋਂ ਸੁਪਰੀਮ ਮੰਨਿਆ ਜਾਵੇ।"

"ਸਿੱਖ ਪੰਥ ਵਿਚ ਪਰਧਾਨ ਹਨ ਪੰਜ ਪਿਆਰੇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ (ਆਗਿਆ-ਕਾਰਤਾ) ਵਿਚ ਹੁੰਦੇ ਹਨ ਅਤੇ ਜਿਨ੍ਹਾਂ ਦੀ ਸਾਰੀ ਕਾਰਵਾਈ ਗੁਰਮਤਿ ਅਨੁਸਾਰ ਸਰਬ-ਸੰਮਤੀ ਨਾਲ ਹੁੰਦੀ ਹੈ। ਕੋਈ ਸਿਆਸੀ ਪਾਰਟੀ, ਜੋ ਧੜਿਆਂ ਵਿਚ ਲੀਰੋ ਲੀਰ ਹੋਈ ਪਈ ਹੋਵੇ, ਅਤੇ ਇਹ ਪਾਰਟੀ ਧਰਮ ਨੂੰ ਛਿਕੇ ਤੇ ਟੰਗ ਕੇ ਚੌਧਰ ਲਈ ਦੰਗਾ ਕਰਨੋਂ ਵੀ ਸੰਕੋਚ ਨ ਕਰਦੀ ਹੋਵੇ ਭਾਵੇਂ ਪੰਥ ਨੂੰ ਇਸ ਨਾਲ ਕਿੰਨੀ ਨਮੋਸ਼ੀ ਅਤੇ ਹਾਨੀ ਹੋਵੇ, ਉਸ ਨੂੰ ਸਿੱਖ ਸੰਗਤਾਂ ਸੁਪਰੀਮ ਕਿਵੇਂ ਮੰਨ ਸਕਦੀਆਂ ਹਨ।

"ਫਿਰ ਅਕਾਲੀ ਦਲ ਦਾ ਨਾਮ ਸਿੱਖਾਂ ਵਿਚ ਪ੍ਰਤਿਸ਼ਟਤ ਹੋਣ ਕਰਕੇ ਹੁਣ ਕਈ ਅਕਾਲੀ ਦਲ ਮੈਦਾਨ ਵਿਚ ਉਤਰ ਆਏ ਹਨ। ਸ਼੍ਰੋਮਣੀ ਅਕਾਲੀ ਦਲ, ਜਿਸ ਨੂੰ ਕਿ ਸੁਪਰੀਮ ਹੋਣ ਦਾ ਸਰਟੀਫ਼ੀਕੇਟ ਮਿਲਿਆ ਹੈ, ਇਸ ਤੋਂ ਵੱਖਰਾ ਦਿੱਲੀ ਦਾ ਅਕਾਲੀ ਦਲ ਹੈ, ਜਿਸ ਨੇ ਦਿੱਲੀ ਦੀਆਂ ਗੁਰਦਵਾਰਾ ਚੋਣਾਂ ਵਿਚ ਬਹੁ-ਮਤ ਬਣਾ ਲਿਆ ਹੈ। ਕਸ਼ਮੀਰ ਵਿਚ ਪੰਥਕ ਪਾਰਟੀ ਨੇ ਗੁਰਦਵਾਰਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਤੋਂ ਚਾਰ-ਗੁਣਾ ਬਹੁ-ਮਤ ਪ੍ਰਾਪਤ ਕੀਤਾ ਹੈ। ਫਿਰ ਪਤਾ ਨਹੀਂ ਅਕਾਲ ਤਖ਼ਤ ਦੇ ਅਧਿਕਾਰੀਆਂ ਵਲੋਂ ਕਿਹੜੇ ਅਕਾਲੀ ਦਲ ਨੂੰ ਸੁਪਰੀਮ ਹੋਣ ਦੀ ਡਿਗਰੀ ਦਿਤੀ ਗਈ ਹੈ !

"ਕਿਡੀ ਨਿਘਰੀ ਦਸ਼ਾ ਹੈ ਕਿ ਦਿੱਲੀ ਦੇ ਪਰਸਪਰ ਵਿਰੋਧੀ ਅਕਾਲੀ ਦਲਾਂ ਵਲੋਂ ਔਹਦੇ-ਦਾਰਾਂ ਦੀ ਚੋਣ ਹੋਣ ਵਾਲੇ ਦਿਨ, ਚੋਣ ਮੁਲਤਵੀ ਕਰਵਾਉਣ ਲਈ ਇਕ ਦੂਜੇ ਦੇ ਮੈਂਬਰ ਅਗਵਾ ਕਰਨ ਦਾ ਕੋਝਾ ਢੰਗ ਵਰਤਿਆ ਗਿਆ, ਜਿਸ ਨਾਲ ਸਮੁਚੀ ਸਿੱਖ ਕੌਮ ਦੀ ਨਮੋਸ਼ੀ ਹੋਈ। ਜੇ ਧਰਮ ਦਾ ਕੁੰਡਾ ਪ੍ਰਬਲ ਹੋਵੇ ਤਾਂ ਇਹਨਾਂ ਭਲੇਮਾਣਸਾਂ ਨੂੰ ਕੋਈ ਪੁਛੇ ਕਿ ਤੁਸੀਂ ਕਿਉਂ ਸਿਖ ਪੰਥ ਦੀਆਂ ਜੜ੍ਹਾਂ ਵਢ ਰਹੇ ਹੋ ?"

"ਬਾਪੂ ਜੀ ! ਇਹ ਆਮ ਮਨੌਤ ਹੈ ਕਿ ਸਿਆਸਤ ਤੇ ਧਰਮ ਸਾਂਝੇ ਹਨ। ਜੇ ਇਹ ਠੀਕ ਹੈ ਤਾਂ ਧਰਮ ਨੂੰ ਸਿਆਸਤ ਵਿਚ ਦਖ਼ਲ ਦੇ ਕੇ ਇਸ ਦੇ ਝਗੜੇ ਨਿਬੇੜਨੇ ਹੀ ਪੈਣਗੇ।"

"ਸਿਖ ਧਰਮ ਵਿਚ 'ਧਰਮ' ਪ੍ਰਧਾਨ ਹੈ ਤੇ ਧਰਮ ਹੀ ਸਭ ਕੁਝ ਹੈ। ਧਰਮ ਮਨੁੱਖ ਨੂੰ ਹਰ ਪਖੋਂ ਸੰਪੂਰਨ ਬਣਾਉਂਦਾ ਹੈ। ਧਰਮ ਮਨੁੱਖ ਨੂੰ ਸੋਝੀ



www.AKJ.Org

ਬਖਸ਼ਦਾ ਹੈ ਕਿ ਉਸ ਦੇ ਆਪਣੇ ਪ੍ਰਤੀ, ਆਪਣੇ ਰਚਨਹਾਰ ਕਰਤੇ ਪ੍ਰਤੀ ਅਤੇ ਕਰਤੇ ਦੀ ਪੈਦਾ ਕੀਤੀ ਹੋਈ ਖ਼ਲਕਤ ਪ੍ਰਤੀ ਕੀ ਫ਼ਰਜ਼ ਹਨ। ਹਰੇਕ ਸਿਖ ਦਾ ਜੀਵਨ-ਨਿਸ਼ਾਨਾ ਧਰਮ ਕਮਾਉਣਾ, ਧਰਮ ਪਰਚਾਰਨਾ ਅਤੇ ਧਰਮ ਦੇ ਬੋਲ ਬਾਲੇ ਕਰਨ ਲਈ ਯਤਨ-ਸ਼ੀਲ ਰਹਿਣਾ ਹੈ।

"ਸ੍ਵੈ-ਹਕਾਂ ਦੀ ਰਾਖੀ ਕਰਨੀ ਅਤੇ ਦੂਸਰਿਆਂ ਦੇ ਹਕਾਂ ਦੀ ਰਾਖੀ ਦਾ ਜ਼ਾਮਨ ਹੋਣਾ ਸਹੀ ਸਿਆਸਤ ਹੈ। ਜ਼ੀਵਨ ਵਿਚ ਅਜਿਹਾ ਸਾਵਾਂ ਪਧਰਾ ਤੇ ਨਰੋਆ ਵਤੀਰਾ ਧਾਰਨ ਕਰਨ ਦੀ ਸਿਖਿਆ ਸਿਖ ਨੂੰ ਧਰਮ ਤੋਂ ਮਿਲਦੀ ਹੈ। ਹੋਰ ਕਿਸੇ ਲਈ ਸਿਆਸਤ ਕੋਈ ਵਖਰੀ ਬਲਾ ਹੋਵੇ ਤਾਂ ਹੋਵੇ, ਪਰ ਸਿਖ ਲਈ 'ਧਰਮ' ਹੀ ਸਭ ਕੁਝ ਹੈ। ਫਿਰ ਪਤਾ ਨਹੀਂ ਸਿਖ ਧਰਮ ਵਿਚ ਸਿਆਸਤ ਦੀ ਹੋਂਦ ਵਖਰੇ ਰੂਪ ਵਿਚ ਕਿਉਂ ਉਂਗਰ ਪਈ ਹੈ। ਸ਼ਰੋਮਣੀ ਅਕਾਲੀ ਦਲ ਅਰੰਭ ਵਿਚ ਧਾਰਮਕ ਸੰਸਥਾ ਦੇ ਰੂਪ ਵਿਚ ਹੋਂਦ ਵਿਚ ਆਇਆ। ਸਮੇਂ ਦੇ ਗੇੜ ਨਾਲ ਜਿਉਂ ਜਿਉਂ ਧਰਮ ਦਾ ਪ੍ਰਭਾਵ ਘਟਦਾ ਗਿਆ ਤੇ ਇਸ ਦੇ ਵਰਕਰਾਂ ਵਿਚ ਤਾਕਤ ਦੀ ਭੁਖ ਪ੍ਰਧਾਨ ਹੁੰਦੀ ਗਈ ਤਿਉਂ ਤਿਉਂ ਇਸ ਨੂੰ ਸਿਆਸੀ ਰੰਗਣ ਚੜ੍ਹਦੀ ਗਈ ਤੇ ਇਸ ਵੇਲੇ ਇਹ ਧਰਮ ਦੇ ਬੁਰਕੇ ਹੇਠ ਇਕ ਪੂਰਨ ਸਿਆਸੀ ਪਾਰਟੀ ਦੇ ਰੂਪ ਵਿਚ ਕੰਮ ਕਰ ਰਹੀ ਹੈ। ਸ਼ਰੋਮਣੀ ਅਕਾਲੀ ਦਲ ਦੀ ਸਿਆਸਤ ਬਾਕੀ ਪਾਰਟੀਆਂ ਦੀ ਸਿਆਸਤ ਤੋਂ ਕੋਈ ਉਚੇ ਪਧਰ ਦੀ ਨਹੀਂ। ਜੇ ਬਾਕੀ ਪਾਰਟੀਆਂ ਵਿਚ ਧੜੇ ਤੇ ਕੁਰਸੀਆਂ ਲਈ ਝਗੜੇ ਹਨ ਤਾਂ ਇਸ ਵਿਚ ਅਜਿਹੇ ਝਗੜੇ ਬਾਕੀਆਂ ਨਾਲੋਂ ਕੁਝ ਵਧੇਰੇ ਹੀ ਹਨ। ਜੇ ਬਾਕੀ ਸਿਆਸੀ ਪਾਰਟੀਆਂ ਵਿਚ ਕੁਟਲਤਾ ਪ੍ਰਧਾਨ ਹੈ ਤਾਂ ਸ਼ਰੋਮਣੀ ਅਕਾਲੀ ਦਲ ਵੀ ਇਸ ਤੋਂ ਮੁਕਤ ਨਹੀਂ। ਧਰਮ ਤਾਂ ਪਰਾਇਆਂ ਵਿਚ ਪ੍ਰਮਾਤਮਾ ਦੀ ਜੋਤਿ ਅਨੁਭਵ ਕਰਨ ਅਤੇ ਉਹਨਾਂ ਨਾਲ ਪਿਆਰ ਕਰਨ ਦੀ ਸਿਖਿਆ ਦੇਂਦਾ ਹੈ ਪਰ ਸ਼ਰੋਮਣੀ ਅਕਾਲੀ ਦਲ ਦੇ ਸਿਆਸੀ ਆਗੂਆਂ ਨੂੰ ਆਪਣੇ ਗੁਰਸਿੱਖ ਭਰਾਵਾਂ ਵਿਚ ਵੀ ਪ੍ਰਮਾਤਮਾ ਦੀ ਹੋਂਦ ਅਨੁਭਵ ਨਹੀਂ ਹੁੰਦੀ ਤੇ ਉਹਨਾਂ ਨੂੰ ਪਿਆਰ ਕਰਨ ਦੀ ਬਜਾਏ ਉਹਨਾਂ ਤੋਂ ਘਿਰਣਾ ਕਰਦੇ ਅਤੇ ਉਹਨਾਂ ਵਿਰੁਧ ਖੁਲ੍ਹਮ ਖੁਲ੍ਹਾ ਭੰਡੀ-ਪਰਚਾਰ ਕਰਦੇ ਹਨ। 'ਧਰਮ ਸਿਆਸਤ ਸਾਂਝੀ' ਦੇ ਬੁਰਕੇ ਵਿਚ ਧਾਰਮਕ ਅਸੂਲਾਂ ਦੀ ਮਿੱਟੀ ਪਲੀਤ ਕੀਤੀ ਜਾ ਰਹੀ ਹੈ। ਸਿੱਖ ਧਰਮ ਆਦਰਸ਼ਕ ਸਿਧਾਂਤਾਂ ਦੇ ਅਧਾਰ ਤੇ ਵਿਸ਼ਵ ਦਾ ਧਰਮ ਹੈ, ਪਰ ਧਰਮ-ਹੀਣ ਤੇ ਕੁਟਲ ਸਿਆਸਤ ਦੀ ਭਿਆਲੀ ਕਾਰਨ ਆਪਣੀ ਜਨਮ ਭੂਮੀ ਪੰਜਾਬ ਵਿਚ ਵੀ ਇਸ ਦਾ ਬਲ ਛੁਟ ਗਿਆ ਹੈ। ਖ਼ਾਸ ਕਰਕੇ ਪੰਜਾਬ ਵਿਚ ਪਤਿਤਾਈ ਦਾ ਹੜ ਆ ਗਿਆ ਹੈ। ਕਈ ਜ਼ਿਲਿਆਂ ਵਿਚ ਸ਼ਰਾਬ ਦੀ ਵਰਤੋਂ ਵਿਚ ਸਿੱਖਾਂ ਦੀ ਗਿਣਤੀ ਬਾਕੀਆਂ ਨਾਲੋਂ ਕਿਤੇ ਵਧ ਗਈ ਹੈ। ਕਾਰਨ ਸਪੱਸ਼ਟ ਹੈ—ਧਰਮ-ਪਰਚਾਰ ਦੀ ਅਣਹੋਂਦ, ਕਿਉਂਕਿ ਸਾਰਾ ਬਲ ਸਿਆਸਤ ਵਿਚ ਲਗ ਰਿਹਾ ਹੈ।

"ਗੁਰਦਵਾਰੇ ਮਨੁਖਤਾ ਲਈ ਜੀਵਨ-ਉਸਾਰੀ ਦੇ ਸੋਮੇ ਹਨ। ਇਹਨਾਂ ਵਿਚੋਂ ਜੇ ਮਨੁਖਤਾ ਨੂੰ ਧਰਮ ਦੇ ਗੁਣ—ਸਦ-ਭਾਵਨਾ ਤੇ ਸ੍ਵੈ-ਤਿਆਗ—ਦਾ ਉਪਦੇਸ਼ ਮਿਲੇ ਤਾਂ ਇਹ ਧਰਤੀ ਸਚਮੁਚ ਸਵਰਗ ਦਾ ਟੁਕੜਾ ਬਣ ਸਕਦੀ ਹੈ। ਪਰ ਅਫਸੋਸ ਇਸ ਗੱਲ ਦਾ ਹੈ ਕਿ ਇਹਨਾਂ ਉਤੇ ਵੀ ਸਿਆਸਤ ਛਾ ਗਈ ਹੈ। ਇਹਨਾਂ ਨੂੰ ਧੜੇਬਾਜ਼ੀ ਅਤੇ ਚੌਧਰ-ਪ੍ਰਾਪਤੀ ਦੇ ਅੱਡੇ ਬਣਾ ਲਿਆ ਗਿਆ ਹੈ। ਗੁਰਦਵਾਰਿਆਂ ਦੀ ਆਮਦਨ ਧਰਮ-ਪਰਚਾਰ ਤੇ ਵਰਤਣ ਦੀ ਬਜਾਏ ਵਧੇਰੇ ਕਰਕੇ ਪਾਰਟੀ-ਪਰਚਾਰ ਲਈ ਵਰਤੀ ਜਾਂਦੀ ਹੈ।

"ਮੁਕਦੀ ਗੱਲ ਕੀ, ਸਿਆਸਤ ਧਰਮ ਦੇ ਚੰਦਨ-ਬੂਟੇ ਉਤੇ ਅਮਰ-ਵੇਲ ਵਾਂਗੂੰ ਛਾ ਗਈ ਹੈ।"

"ਬਾਪੂ! ਤੇਰੀਆਂ ਗੱਲਾਂ ਚਾਲੀ-ਸੇਰੀਆਂ ਨੇ। ਅਜਿਹੀ ਹਾਲਤ ਵਿਚ ਜੇ ਪੰਥ-ਹਿਤੈਸ਼ੀਆਂ ਵਲੋਂ ਇਸ ਮਸਲੇ ਵਲ ਕੋਈ ਵਿਸ਼ੇਸ਼ ਧਿਆਨ ਨਾ ਦਿਤਾ ਗਿਆ ਤਾਂ ਸਿਆਸਤ ਧਰਮ ਦਾ ਮੂੰਹ ਮੁਹਾਂਦਰਾ ਬਿਲਕੁਲ ਦਾਗੀ ਕਰ ਦੇਵੇਗੀ। ਗੁਰੂ ਮੇਹਰ ਕਰੇ !!!"

## ਗੋਸ਼ਟੀ ਨੰਬਰ ੨—

"ਕੀ ਗੱਲ ਏ ਬਾਪੂ ? ਅਜ ਏਨਾ ਨਿਮੋਝੂਣਾ ਕਿਉਂ ਹੋਇਆ ਪਿਐਂ ? ਸੁਖ ਤਾਂ ਹੈ ?"

"ਸੁਖ ਕਾਹਦਾ ਬੱਚਿਆ! ਮੇਰੇ ਅੰਦਰ ਤਾਂ ਲਾਂਬੂ ਲਗਾ ਹੋਇਆ ਏ। ਮੇਰੇ ਵਸ ਦੀ ਗੱਲ ਨਹੀਂ



www.AKJ.Org

ਰਹੀ। ਬੈਠਾ ਬੈਠਾ ਸੋਚਾਂ ਦੇ ਸਮੁੰਦਰ ਵਿਚ ਗ਼ਰਕ ਹੋ ਜਾਂਦਾ ਹਾਂ। ਮੇਰੀ ਤਾਂ ਨੀਂਦ ਹਰਾਮ ਹੋ ਗਈ ਏ!''

''ਬਾਪੂ ! ਸਾਰੀ ਦੁਨੀਆ ਦਾ ਦਰਦ ਤੇਰੇ ਅੰਦਰ ਹੀ ਆ ਗਿਐ ?''

''ਬਈ ਕਾਕਾ ! ਕੀ ਦਸਾਂ ? ਜ਼ਿੰਦਗੀ ਵਿਚ ਮੇਰਾ ਵਾਹ ਉਹਨਾਂ ਅਕਾਲੀ ਸੂਰਬੀਰਾਂ ਨਾਲ ਰਿਹੈ ਜਿਨ੍ਹਾਂ ਨੇ ਆਪਣਾ ਸਭ ਕੁਝ ਪੰਥ ਦੇ ਲੇਖੇ ਲਾ ਰਖਿਆ ਸੀ। ਕੌਮ ਭਾਵੇਂ ਉਹਨਾਂ ਦਾ ਬੇਹੱਦ ਮਾਣ ਕਰਦੀ ਸੀ, ਪਰ ਉਹ ਸਦਾ ਦਾਸ-ਭਾਵਨਾ ਵਿਚ ਹੀ ਵਿਚਰਦੇ ਰਹੇ। ਹੁਣ ਤਾਂ ਤ੍ਰਟੀ ਹੀ ਚੌੜ ਹੋ ਗਈ ਏ ਬੀਬਾ! ਹਰ ਕਿਸੇ ਨੂੰ ਲੀਡਰੀ ਦਾ ਹਾਬੜ ਪਿਆ ਹੋਇਐ। ਵਾਹਿਗੁਰੂ ਬਖਸ਼ੇ ! ਚਲੋ ਸਿਆਸੀ ਲੀਡਰਾਂ ਦਾ ਤਾਂ ਹਾਲ ਅਜਿਹਾ ਹੀ ਹੁੰਦੈ, ਪਰ ਹੁਣ ਤਾਂ ਧਾਰਮਕ ਪਹਿਲੂ ਵੀ ਪਤਲਾ ਪੈ ਗਿਐ। ਤੂੰ ਅਖ਼ਬਾਰ ਵਿਚ ਪੜ੍ਹ ਹੀ ਲਿਆ ਹੋਣੈਂ। ਅਕਾਲੀ ਪਾਰਟੀ ਦੇ ਪਰਸਪਰ ਝਗੜੇ ਵਿਚ ਅਕਾਲ ਤਖ਼ਤ ਨੂੰ ਹੋਰ ਘਸੀਟ ਲਿਆ ਗਿਆ ਹੈ। ਅਕਾਲੀ ਦਲ ਦੀ ਚੋਣ ਕਰਵਾਉਣ ਲਈ ਅਕਾਲ ਤਖ਼ਤ ਤੋਂ ਜਥੇਦਾਰ ਅਕਾਲ ਤਖ਼ਤ ਨੇ ਸਮੇਤ ਪੰਜਾਂ ਪਿਆਰਿਆਂ ਦੇ ਅਕਾਲੀ ਪਾਰਟੀ ਦੇ ਡੈਲੀਗੇਟਾਂ ਦੀ ਸੂਚੀ, ਜਿਹੜੀ ਅਕਾਲੀ ਦਲ ਦੇ ਦਫ਼ਤਰ ਵਲੋਂ ਉਹਨਾਂ ਨੂੰ ਪੇਸ਼ ਕੀਤੀ ਗਈ ਸੀ, ਨੂੰ ਪ੍ਰਵਾਨ ਕਰਕੇ ਉਸਦੇ ਹਰੇਕ ਸਫ਼ੇ ਤੇ ਪੰਜਾਂ ਸਿੰਘਾਂ ਦੇ ਦਸਖ਼ਤਾਂ ਮਗਰੋਂ ਦਫ਼ਤਰ ਨੂੰ ਜਾਰੀ ਕਰਨ ਲਈ ਹੁਕਮ ਕੀਤਾ। ਫਿਰ ਕੁਝ ਸਜਣਾਂ ਦੇ ਇਤਰਾਜ਼ ਕਰਨ ਤੇ ਜਥੇਦਾਰ ਅਕਾਲ ਤਖ਼ਤ ਵਲੋਂ ਇਹ ਐਲਾਨ ਕੀਤਾ ਗਿਆ ਕਿ ਅਕਾਲੀ ਦਲ ਦੇ ਦਫ਼ਤਰ ਵਲੋਂ ਪੇਸ਼ ਕੀਤੀ ਗਈ ਡੈਲੀਗੇਟਾਂ ਦੀ ਲਿਸਟ ਬੋਗਸ ਸੀ ਤੇ ਉਸ ਨੂੰ ਰਦ ਕੀਤਾ ਗਿਆ। ਉਸ ਦੇ ਬਦਲ ਵਿਚ ਦੁਬਾਰਾ ਜ਼ਾਰੀ ਕੀਤੀ ਗਈ ਲਿਸਟ ਚਾਰ ਵਿਅਕਤੀਆਂ ਦੇ ਦਸਖਤਾਂ ਥਲੇ ਜਾਰੀ ਕੀਤੀ ਗਈ ਹੈ!''

''ਚੰਗਾ ਹੋਇਆ ਬਾਪੂ ! ਗ਼ਲਤੀ ਦੀ ਸੋਧ ਹੋ ਗਈ।''

''(ਜੋਸ਼ ਵਿਚ ਆ ਕੇ) ਚੰਗਾ ਕਾਹਦਾ ਹੋਇਆ ! ਤੂੰ ਸੋਚ ਭਲਿਆ ਮਾਣਸਾ ! ਤੂੰ ਕਦੀ ਸੁਣਿਐ ਕਿਸੇ ਜਜ ਨੇ ਕੇਸ ਦਾ ਫ਼ੈਸਲਾ ਸੁਣਾਉਣ ਮਗਰੋਂ ਇਹ ਕਿਹਾ ਹੋਵੇ ਕਿ ਉਸ ਨਾਲ ਧੋਖਾ ਹੋਇਆ ਹੈ ? ਜੋ ਧੋਖਾ ਖਾ ਜਾਏ, ਉਹ ਜੱਜ ਕਾਹਦਾ ਹੋਇਆ ? ਮੈਨੂੰ ਇਹ ਸੋਚ ਕੇ ਡੋਬੂ ਪੈਂਦਾ ਹੈ ਕਿ :—

(ੳ) ਅਕਾਲੀ ਦਲ ਦੇ ਦਫਤਰ ਦਾ ਰਿਕਾਰਡ ਬੋਗਸ...

(ਅ) ਅਕਾਲ ਤਖ਼ਤ ਦੀ ਨੁਮਾਇੰਦਾ ਜਮਾਤ ਅਕਾਲੀ ਦਲ ਵਲੋਂ ਆਪਣੇ ਕੇਂਦਰ ਅਕਾਲ ਤਖ਼ਤ ਨਾਲ ਧੋਖਾ ..

'ਉਲਟੀ ਵਾੜ ਖੇਤ ਕਉ ਖਾਈ ॥'

(ੲ) ਪੰਜਾਂ ਪਿਆਰਿਆਂ ਨੂੰ ਭੁਲੇਖਾ......

(ਸ) ਪੰਜਾਂ ਸਿੰਘਾਂ ਵਲੋਂ ਇਕ ਵਾਰੀ ਪ੍ਰਵਾਨ ਕੀਤੀ ਲਿਸਟ ਨੂੰ ਰਦ ਕਰ ਕੇ ਉਸ ਦੇ ਬਦਲ ਵਿਚ ਚਾਰ ਵਿਅਕਤੀਆਂ ਦੇ ਦਸਖ਼ਤਾਂ ਥਲੇ ਦੂਜੀ ਲਿਸਟ ਜਾਰੀ......

ਅਥਵਾ ਪੰਜਾਂ ਦਾ ਫ਼ੈਸਲਾ ਚੋਹਾਂ ਵਲੋਂ ਰਦ......

(ਹ) ਅਕਾਲੀ ਲੀਡਰਾਂ ਵਿਚ ਚੌਧਰ ਦੀ ਹੜਬਸ ਤੇ ਆਪੋ ਧਾਪੀ।

ਧਰਮ ਨਾਲੋਂ ਧੜੇ ਨਾਲ ਪਿਆਰ......

''ਮੇਰੀ ਬੇਬਸੀ ਹੈ ਕਿ ਮੈਂ ਧਰਮ ਦੀ ਹਾਨੀ ਨਹੀਂ ਜਰ ਸਕਦਾ।''

''ਬਾਪੂ ! ਤੂੰ ਸਚਾ ਕਲਪਦਾ ਹੈਂ। ਤੇਰੀਆਂ ਗੱਲਾਂ ਨੇ ਮੇਰਾ ਦਿਲ ਵੀ ਹਲਾ ਛੱਡਿਆ ਏ। ਚੌਧਰ ਦੇ ਭੁਖੇ ਇਹ ਸਿਆਸੀ ਲੋਕ ਧਰਮ ਨੂੰ ਹਥ-ਠੋਕਾ ਬਣਾ ਕੇ ਵਰਤ ਰਹੇ ਹਨ। ਧਾਰਮਕ ਆਗੂ ਆਤਮਕ ਬਲ ਦੀ ਅਣਹੋਂਦ ਕਾਰਨ ਅੰਦਰੋਂ ਸਖਣੇ ਤੇ ਸਾਹਸ-ਹੀਣ ਹੋਏ ਪਏ ਹਨ। ਸਿਆਸੀ ਲੋਕਾਂ ਦੇ ਵਜਾਏ ਹੀ ਵਜਦੇ ਹਨ। ਸਿਆਸਤ ਧਰਮ ਤੇ ਛਾ ਗਈ ਹੈ।

''ਬਾਪੂ ! ਮੈਨੂੰ ਮਾਫ ਕਰੀਂ, ਗੁਸਤਾਖ਼ੀ ਕਰਨ ਲਗਾ ਹਾਂ......ਜੇ ਕਰ ਅਕਾਲੀ ਦਲ ਦੀ ਸਿਆਸਤ ਏਨੇ ਨੀਵੇਂ ਪੱਧਰ ਤੇ ਪੁਜ ਚੁਕੀ ਹੈ ਤਾਂ ਅਜਿਹੀ ਕੁਟਲ ਸਿਆਸਤ ਨਾਲ ਭਿਆਲੀ ਧਰਮ ਨੂੰ ਵੀ ਰਸਾਤਲ ਵਲ ਲੈ ਜਾਵੇਗੀ। ਗੁਰੂ ਬਾਹੁੜੀ ਕਰਨ !''



www.AKJ.Org

# ਬਾਣੀ ਅਤੇ ਬਾਣੇ ਵਾਲਾ ਗੁਰਸਿਖ

[ਸ: ਤ੍ਰਿਲੋਚਨ ਸਿੰਘ ਜੀ, ਗੁਰੂ ਤੇਗ ਬਹਾਦਰ ਨਗਰ, ਬੰਬਈ]

ਖ਼ਾਲਸਾ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਨਿਵਾਜਿਆ ਹੈ। ਗੁਰਸਿਖ ਦਾ ਜਨਮ ਗੁਰੂ ਜੀ ਦੇ ਅੰਮ੍ਰਿਤ-ਬਾਟੇ ਅਤੇ ਖੰਡੇ ਦੀ ਤਿਖੀ ਧਾਰ ਤੋਂ ਹੋਇਆ ਹੈ। ਖ਼ਾਲਸਾ ਧਰਮ ਸਿਖਿਆ ਦੇਂਦਾ ਹੈ ਕਿ ਪਤਾਸੇ ਅਤੇ ਗੁਰਬਾਣੀ ਦੇ ਘੋਲ ਵਾਂਗ ਮਿੱਠਾ ਬਣ ਕੇ ਸਾਰਿਆਂ ਨਾਲ ਰਲ ਮਿਲ ਕੇ ਰਹਿਣਾ ਹੈ ਅਤੇ ਹੋਰਨਾਂ ਨੂੰ ਵੀ ਆਪਣੇ ਨਾਲ ਰਲਾਉਣਾ ਹੈ, ਬਿਠਾਣਾ ਹੈ ਅਤੇ ਆਪਣੇ ਨਾਲ ਛਕਾਣਾ ਹੈ।

ਇਸ ਦੇ ਨਾਲ ਹੀ ਖੰਡੇ ਦੀ ਤਿਖੀ ਧਾਰ ਖ਼ਾਲਸੇ ਨੂੰ ਇਹ ਵੀ ਸਬਕ ਦੇਂਦੀ ਹੈ ਕਿ ਜ਼ੁਲਮ ਅਗੇ ਕਦੇ ਝੁਕਣਾ ਨਹੀਂ। ਆਪਣੀ ਰੱਖਿਆ, ਆਪਣੇ ਧਰਮ ਦੀ ਰੱਖਿਆ, ਦੀਨ ਦੁਖੀ ਦੀ ਰੱਖਿਆ ਅਤੇ ਦੇਸ-ਮੁਲਕ ਦੀ ਰੱਖਿਆ ਵਾਸਤੇ ਸਦਾ ਕਮਰਕੱਸੇ ਕਰੀ ਰਖਣੇ ਹਨ, ਕਦੇ ਅਵੇਸਲੇ ਨਹੀਂ ਹੋਣਾ।

'ਬਾਣੀ' ਅਤੇ 'ਬਾਣਾ', ਇਨ੍ਹਾਂ ਦੋਹਾਂ ਦਾ ਗੁਰੂ ਦੇ ਸਿਖ ਨਾਲ ਡੂੰਘਾ ਸੰਬੰਧ ਹੈ। ਇਨ੍ਹਾਂ ਦੋਹਾਂ ਤੋਂ ਵਾਂਝਾ ਸਿਖ, ਗੁਰੂ ਕਾ ਸਿਖ ਕਿਵੇਂ ਹੋ ਸਕਦਾ ਹੈ! ਨਿਰਾ ਕੇਸ ਦਾੜ੍ਹੀ ਵਧਾਣ ਨਾਲ ਹੀ ਗੱਲ ਨਹੀਂ ਮੁਕ ਜਾਂਦੀ, ਸਗੋਂ ਨਾਲ ਹੀ ਗੁਰੂ ਕੀ ਬਾਣੀ ਸਿਖ ਦਾ ਜੀਵਨ-ਅਧਾਰ ਹੈ। ਗੁਰਵਾਕ ਹੈ—

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥ (੧੨੧੯)

ਬਾਣੀ ਪੜ੍ਹਨ, ਸੁਣਨ ਤੇ ਕਮਾਉਣ ਨਾਲ ਹੀ ਗੁਰਸਿਖ ਆਪਣੇ ਆਪ ਤੇ ਕਾਬੂ ਪਾ ਸਕਦਾ ਹੈ। ਬਾਣੀ ਦੇ ਅਭਿਆਸ ਨਾਲ ਹੀ ਅੰਦਰਲੇ ਚੋਰ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਨਸ ਖਲੋਂਦੇ ਹਨ। ਜਿਥੇ ਗੁਰੂ ਕੇ ਬਖ਼ਸ਼ੇ ਅੰਮ੍ਰਿਤ ਦੁਆਰਾ ਪ੍ਰਾਪਤ ਹੋਈ ਨਾਮ-ਬਾਣੀ ਦੀ ਕਲਾ ਮਨ ਤੇ ਮਤ ਨੂੰ ਉਜਲਾ ਕਰਦੀ ਹੈ ਉਥੇ ਨਾਲ ਹੀ ਗੁਰਸਿਖ ਦੇ ਅੰਦਰ ਸਰੀਰਕ ਸ਼ਕਤੀ ਤੇ ਫੁਰਤੀ ਦਾ ਸਿੰਚਾਰ ਹੋ ਕੇ, ਸਭ ਤਰ੍ਹਾਂ ਦੇ ਦੁਨਿਆਵੀ ਡਰ ਕੋਹਾਂ ਦੂਰ ਨਸ ਜਾਂਦੇ ਹਨ। ਇਉਂ ਗੁਰੂ ਕੀ ਬਖ਼ਸ਼ੀ ਅੰਮ੍ਰਿਤ-ਕਲਾ ਦੀ ਤੁਫ਼ੈਲ ਮਨ ਚੜ੍ਹਦੀਆਂ ਕਲਾਂ ਵਿਚ ਆ ਜਾਂਦਾ ਹੈ। ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲਾ ਗੁਰਸਿਖ ਕਿਸੇ ਕੋਲੋਂ ਡਰਦਾ ਨਹੀਂ ਅਤੇ ਨਾ ਹੀ ਕਿਸੇ ਨੂੰ ਡਰਾਂਦਾ ਹੈ। ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥੧੫॥ (੧੪੨੭)

ਅਜਿਹੇ ਗੁਰਸਿਖ ਪਾਸੋਂ ਸਹਿਜੇ ਹੀ ਜੋ ਕੁਝ ਹੁੰਦਾ ਹੈ, ਉਹ ਭਲਾ ਹੀ ਹੁੰਦਾ ਹੈ। ਉਸ ਤੋਂ ਕੋਈ ਮਾੜਾ ਕੰਮ ਹੋ ਹੀ ਨਹੀਂ ਸਕਦਾ। ਉਹ ਕਿਸੇ ਦਾ ਬੁਰਾ ਚਿਤਾਰ ਹੀ ਨਹੀਂ ਸਕਦਾ। ਉਸ ਦੇ ਸਨਮੁਖ ਗੁਰਬਾਣੀ ਦੇ ਇਹ ਹੁਕਮ ਸਾਕਾਰ ਹੁੰਦੇ ਹਨ—

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥ (੩੮੬)

'ਸਰਬੱਤ ਦਾ ਭਲਾ' ਮੰਗਣ ਵਾਲਾ ਗੁਰਸਿਖ ਕਿਵੇਂ ਕਿਸੇ ਦਾ ਬੁਰਾ ਮੰਗ ਸਕਦਾ ਹੈ? ਦੂਜਿਆਂ ਨੂੰ ਦੁਖ ਦੇਣ ਵਾਲਾ ਗੁਰੂ ਕਾ ਸਿਖ ਨਹੀਂ ਹੋ ਸਕਦਾ। ਗੁਰੂ ਕੇ ਭਾਣੇ ਵਿਚ ਚਲਣ ਵਾਲਾ, ਗੁਰੂ ਕਾ ਆਗਿਆਕਾਰੀ ਸਿਖ ਸਦਾ ਪਰਉਪਕਾਰੀ ਹੁੰਦਾ ਹੈ, ਉਹ ਦੂਜਿਆਂ ਦੇ ਦੁਖ ਵੰਡਾਂਦਾ ਹੈ, ਦੂਜਿਆਂ ਦੇ ਦੁਖਾਂ ਦਾ ਭਾਈਵਾਲ ਬਣਦਾ ਹੈ, ਅਤੇ ਦੂਜਿਆਂ ਦੇ ਦੁਖ ਦੂਰ ਕਰ ਕੇ ਆਪ ਸੁਖੀ ਹੁੰਦਾ ਹੈ।

ਗੁਰਸਿਖ ਹੱਥੀਂ ਕਿਰਤ ਕਰਦਾ ਹੈ ਜਾਂ ਨੌਕਰੀ-ਪੇਸ਼ਾ ਹੈ, ਉਹ ਦਿਨ ਰਾਤ ਮਿਹਨਤ ਕਰ ਕੇ ਨੇਕ ਕਮਾਈ ਕਰਦਾ ਹੈ ਅਤੇ ਉਸੇ ਨੇਕ ਕਮਾਈ ਨਾਲ ਹੀ ਜਿਵੇਂ ਕਿਵੇਂ ਹੋਵੇ, ਆਪਣਾ ਤੇ ਪਰਵਾਰ ਦਾ ਗੁਜ਼ਾਰਾ ਕਰਦਾ ਹੈ। ਉਹ ਗੁਰੂ ਦੀ ਦਸੀ ਕਾਰ ਕਮਾਂਦਾ ਹੋਇਆ ਨਿਤ ਅੰਮ੍ਰਿਤ ਵੇਲੇ ਤੋਂ ਸੰਧਿਆ ਤੇ ਰਾਤ ਤਕ ਨਾਮ-ਬਾਣੀ ਨਾਲ ਹੀ ਜੁੜਦਾ ਹੈ ਅਤੇ ਯਥਾ ਸ਼ਕਤ ਆਏ ਗਏ ਦੀ ਸੇਵਾ ਵੀ ਕਰਦਾ ਹੈ। ਗੁਰੂ ਕੇ ਭਾਣੇ ਵਿਚ ਚਲਣ ਵਾਲੇ ਗੁਰਸਿਖ



www.AKJ.Org

ਦੇ ਹਰ ਦੁਖ ਸੁਖ ਵਿਚ ਸਤਿਗੁਰੂ ਆਪ ਸਹਾਈ ਹੁੰਦੇ ਹਨ। ਉਸ ਨੂੰ ਪ੍ਰਤੀਤ ਹੁੰਦੀ ਹੈ ਕਿ—

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥ (੩੯੪)

ਗੁਰਸਿਖ ਕਿਸੇ ਮੁਸੀਬਤ ਤੋਂ ਘਬਰਾਂਦਾ ਨਹੀਂ। ਉਸ ਦਾ ਮਨ ਸਦਾ ਚੜ੍ਹਦੀਆਂ ਕਲਾਂ ਵਿਚ ਹੁੰਦਾ ਹੈ ਅਤੇ ਉਹ ਆਪਣੇ ਸਤਿਗੁਰੂ ਨੂੰ ਹਰਦਮ ਆਪਣੇ ਸੰਗ ਸਹਾਈ ਸਮਝਦਾ ਹੈ।

ਗੁਰੂ ਕਾ ਸਿਖ ਦੁਖੀਆਂ ਦਰਦਵੰਦਾਂ ਦਾ ਸਹਾਈ ਹੋ ਕੇ ਜਰਵਾਣਿਆਂ ਦੀ ਸੋਧ-ਸੁਧਾਈ ਵੀ ਕਰਦਾ ਹੈ। ਉਹ ਧਰਮ ਨੂੰ ਵਿਥਾਰਨ ਲਈ ਦੁਸ਼ਟਾਂ ਦੋਖੀਆਂ ਨੂੰ ਦੰਡ ਦੇਣ ਲਈ ਸਦਾ ਤਿਆਰ-ਬਰ-ਤਿਆਰ ਰਹਿੰਦਾ ਹੈ। ਉਹ ਮੁਸੀਬਤ ਵਿਚ ਫਸੀਆਂ ਅਬਲਾਵਾਂ ਦੀ ਰੱਖਿਆ ਲਈ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਵੀ ਉਨ੍ਹਾਂ ਦੀ ਸਹਾਇਤਾ ਕਰਦਾ ਹੈ। ਕਿਉਂਕਿ ਗੁਰਸਿਖ ਨੂੰ ਸਤਿਗੁਰੂ ਨੇ ਜੀਵਨ ਦਾ ਉਦੇਸ਼ ਹੀ ਇਹੋ ਦਸਿਆ ਹੈ—

ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

ਬਚਿਤਰ ਨਾਟਕ, ਧਿਆਇ ੬

ਦੁਸ਼ਟਾਂ ਤੇ ਜ਼ਾਲਮਾਂ ਦਾ ਨਾਸ਼ ਕਰਨਾ ਖ਼ਾਲਸੇ ਦਾ ਉਦੇਸ਼ ਹੈ। ਉਸ ਦੇ ਅੰਦਰ ਨਿਰੀ ਰਾਜਗੀਰੀ ਦੀ ਲਾਲਸਾ ਹੀ ਨਹੀਂ ਹੁੰਦੀ ਤੇ ਨਾ ਹੀ ਕੂੜ ਬਣ ਬੈਠਣ ਦੀ; ਸਗੋਂ ਨਿਰੋਲ ਧਰਮ ਨੂੰ ਮੁਖ ਰਖ ਕੇ ਧਰਮੀ ਰਾਜ ਕਾਇਮ ਕਰਨ ਦੀ ਇਛਾ ਹੁੰਦੀ ਹੈ। ਗੁਰੂ ਕਾ ਸਿਖ ਸਦਾ ਆਪਣੀ ਅੰਦਰੂਨੀ ਅਤੇ ਬੈਰੂਨੀ ਰਹਿਤ-ਬਹਿਤ ਵਿਚ ਪਰਪੱਕ ਰਹਿੰਦਾ ਹੋਇਆ ਗੁਰੂ ਕੀ ਦਸੀ ਹੋਈ ਸੱਚੀ ਸੁੱਚੀ ਕਾਰ ਕਮਾਂਦਾ ਹੈ।

ਅਜਿਹੇ ਉੱਚੇ ਸੁੱਚੇ ਆਦਰਸ਼ਾਂ ਵਾਲੇ ਖ਼ਾਲਸੇ ਨੂੰ ਠੀਕ ਨਾ ਸਮਝਣ ਕਰਕੇ, ਅੱਜ ਉਨ੍ਹਾਂ ਨੂੰ ਸ਼ਕ ਦੀ ਨਿਗਾਹ ਨਾਲ ਦੇਖਿਆ ਜਾ ਰਿਹਾ ਹੈ, ਉਨ੍ਹਾਂ ਤੇ ਕਈ ਤਰ੍ਹਾਂ ਦੀਆਂ ਤੁਹਮਤਾਂ ਲਾ ਕੇ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਵਖਵਾਦੀ ਤੇ ਅਤਿਵਾਦੀ ਕਹਿ ਕਹਿ ਕੇ, ਉਨ੍ਹਾਂ ਦੇ ਬਰਖ਼ਿਲਾਫ਼ ਝੂਠਾ ਪ੍ਰਾਪੇਗੰਡਾ ਕਰ ਕੇ, ਉਨ੍ਹਾਂ ਨੂੰ ਸੰਸਾਰ ਭਰ ਵਿਚ ਭੰਡਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਆਪਣੇ ਪਰਚਾਰ-ਸਾਧਨਾਂ ਨਾਲ ਸਿਖ ਨੂੰ ਉਚੇ ਆਦਰਸ਼ਾਂ ਤੋਂ ਡੇਗਣ ਦੇ ਜਤਨ ਕੀਤੇ ਜਾ ਰਹੇ ਹਨ ਅਤੇ ਕਈ ਤਰ੍ਹਾਂ ਦੇ ਸਾਧਨ ਵਰਤ ਕੇ ਅਤੇ ਲਾਲਚਾਂ ਵਿਚ ਫਸਾ ਕੇ ਆਪੋ ਵਿਚ ਪਾੜਿਆ ਜਾ ਰਿਹਾ ਹੈ। ਇਉਂ ਸਿਖਾਂ ਨੂੰ ਆਪੋ ਵਿਚ ਹੀ ਲੜਾ ਲੜਾ ਕੇ ਧਰਮ ਨੂੰ ਤੇ ਧਰਮ-ਸਥਾਨਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਜਦੋਂ ਧਰਮ ਦੇ ਰਾਖਿਆਂ ਵਿਚ ਐਸੀ ਗਿਲਾਨੀ ਆ ਜਾਏ ਕਿ ਉਹ ਕੁਰਸੀਆਂ ਦੀ ਪ੍ਰਾਪਤੀ ਲਈ, ਭਰਾ-ਮਾਰੂ ਨੀਤੀ ਹੇਠ ਕੁਹਜੀ ਤੋਂ ਕੁਹਜੀ ਕਰਤੂਤ ਕਰਨੋਂ ਵੀ ਨਾ ਸੰਗਣ ਤਾਂ ਫਿਰ ਉਸ ਦਾ ਫਲ ਸਾਰੀ ਕੌਮ ਨੂੰ ਭੁਗਤਣਾ ਪੈਂਦਾ ਹੈ, ਜੋ ਕਿ ਇਸ ਵੇਲੇ ਪਰਤੱਖ ਵੇਖਿਆ ਜਾ ਰਿਹਾ ਹੈ। ਲੋਭ-ਲਾਲਚਾਂ ਵਿਚ ਫਸੇ ਹੋਇ ਮੁਖੀਆਂ ਨੇ ਕਿਸੇ ਦੀ ਕੀ ਰਖਿਆ ਕਰਨੀ ਹੈ, ਉਹ ਤਾਂ ਸਗੋਂ ਆਪ ਵੀ 'ਬਾਡੀਗਾਰਡਾਂ' ਦੀ ਸੁਰੱਖਿਆ ਵਿਚ ਆਪਣੇ ਦਿਨ ਪੂਰੇ ਕਰ ਰਹੇ ਹੁੰਦੇ ਹਨ। ਉਨ੍ਹਾਂ ਦੇ ਅੰਦਰ ਨਾ ਤਾਂ ਸ੍ਵੈ-ਰੱਖਿਆ ਲਈ ਬਲ ਹੀ ਹੁੰਦਾ ਹੈ ਅਤੇ ਨਾ ਹੀ ਸ੍ਵੈ-ਅਣਖ ਦਾ ਮਾਦਾ ਬਾਕੀ ਰਹਿ ਜਾਂਦਾ ਹੈ।

ਅੱਜ ਕਈ ਤਰ੍ਹਾਂ ਦੀਆਂ ਚਾਲਾਂ ਤੇ ਕੁਟਲ-ਨੀਤੀਆਂ ਵਰਤ ਕੇ ਅਤੇ ਝੂਠਾ ਪ੍ਰਾਪੇਗੰਡਾ ਕਰ ਕੇ ਹਿੰਦੂ-ਸਿਖ ਜਨਤਾ ਨੂੰ ਗਲਤ-ਫ਼ਹਿਮੀਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਅਤੇ ਆਪੋ ਵਿਚ ਲੜਾਉਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਤਮਾਸ਼ਾ ਵੇਖਣ ਵਾਲਿਆਂ ਦਾ ਤਾਂ ਮਨੋਰਥ ਹੀ ਇਹੋ ਹੈ ਕਿ ਉਹ ਬਲਦੀ ਤੇ ਤੇਲ ਪਾ ਕੇ ਅੱਗ ਨੂੰ ਹੋਰ ਹੋਰ ਭੜਕਾਉਣ। ਅੱਗ ਦੇ ਮਚਦੇ ਭਾਂਬੜ ਵੇਖ ਕੇ ਹੀ ਉਹ ਜਸ਼ਨ ਮਨਾਉਂਦੇ ਹਨ।

**ਅਜਿਹੀਆਂ ਕਟਲ ਚਾਲਾਂ ਨੂੰ ਵੇਖ ਕੇ ਹਿੰਦੂ ਤੇ ਸਿਖ ਵੀਰਾਂ ਨੂੰ ਹੋਸ਼ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਇਸ ਕੁਟਲ ਨੀਤੀ ਵਿਚ ਫਸਣਾ ਨਹੀਂ ਚਾਹੀਦਾ। ਜੋਸ਼ ਦੇ ਨਾਲ ਹੋਸ਼ ਦਾ ਹੋਣਾ ਉੱਨਾ ਹੀ ਜ਼ਰੂਰੀ ਹੈ ਜਿੰਨਾ ਦਾਲ ਵਿਚ ਲੂਣ, ਹੋਸ਼ ਹੀ ਸਾਡੇ ਜਜ਼ਬਾਤਾਂ ਨੂੰ ਕਾਬੂ ਵਿਚ ਰਖ ਸਕਦੀ ਹੈ।**

ਖ਼ਾਲਸੇ ਦਾ ਜਨਮ ਹੀ ਹੋਇਆ ਹੈ, ਜ਼ੁਲਮ ਦਾ ਨਾਸ਼ ਕਰਨ ਵਾਸਤੇ। ਤੇ ਅੱਜ ਤਕ ਖ਼ਾਲਸਾ ਆਪਣੇ ਇਸ ਕਿਰਦਾਰ ਨੂੰ ਨਿਭਾਉਂਦਾ ਆ ਰਿਹਾ ਹੈ। ਪਰ ਅੱਜ ਕੀ ਹੋ ਰਿਹਾ ਹੈ?—ਜ਼ੁਲਮ ਫੈਲਾਉਣ ਵਾਲੇ ਨਹੀਂ



www.AKJ.Org

# ਮੇਰੀ ਹੈ ਅਰਦਾਸ

[ਸ: ਅਤਰ ਸਿੰਘ ਜੀ ਨੀਰ, H. P. 110, ਪ੍ਰੀਤਮ ਪੁਰਾ, ਦਿਲੀ—34

ਦੋ ਹੱਥ ਜੋੜ ਸਤਿਕਾਰ ਸੰਗ,
ਆਦਰ ਭਰੇ ਪਿਆਰ ਸੰਗ,
ਮੇਰੀ ਹੈ ਅਰਦਾਸ
ਪੰਥ ਪਿਆਰੇ ਪਾਸ।
ਘਾਲਾਂ ਬੜੀਆਂ ਘਾਲ ਘਾਲ,
ਜਫਰ ਅਨੇਕਾਂ ਜਾਲ ਜਾਲ,
ਮਿਠੇ ਨਾਨਕ ਗੁਰੂ ਨੇ
ਕੀਤਾ ਤਿਰਾ ਵਿਕਾਸ—ਮੇਰੀ ਹੈ ਅਰਦਾਸ

ਲਾਲ ਤਵੀ ਤੇ ਸੜ ਸੜ,
ਦੇਗੇ ਦੇ ਵਿਚ ਕੜ ਕੜ,
ਭਾਨੀ ਜੀ ਦੇ ਲਾਲ ਨੇ
ਸਿਰਜਿਆ ਤੇਰਾ ਇਤਿਹਾਸ—ਮੇਰੀ ਹੈ ਅਰਦਾਸ
ਚੋਟੀ, ਟਿੱਕਾ ਥਕੇ ਹੂਕ,
ਜੰਞੂ ਹਾਰੇ ਕੂਕ ਕੂਕ,
ਬਾਝ ਗੁਰੂ ਦਰਬਾਰ ਦੇ
ਮਿਲੀ ਨ ਕਿਤੋਂ ਧਰਵਾਸ—ਮੇਰੀ ਹੈ ਅਰਦਾਸ

---

ਚਾਹੁੰਦੇ ਕਿ ਜ਼ੁਲਮ ਦਾ ਨਾਸ ਹੋਵੇ, ਸਗੋਂ ਉਨ੍ਹਾਂ ਦਾ ਨਿਸ਼ਾਨਾ ਤਾਂ ਇਕੋ ਹੈ ਕਿ ਉਨ੍ਹਾਂ ਦੀ ਐਸ਼-ਇਸ਼ਰਤ ਲਈ ਉਨ੍ਹਾਂ ਦੇ ਘਰ ਵਧ ਤੋਂ ਵਧ ਭਰੀਂਦੇ ਰਹਿਣ, ਅਤੇ ਇਸ ਮਕਸਦ ਲਈ ਜੇ ਜ਼ੁਲਮ ਵਧਦਾ ਫੂਲਦਾ ਹੈ ਤਾਂ ਉਨ੍ਹਾਂ ਨੂੰ ਉਸ ਦੀ ਪਰਵਾਹ ਕੋਈ ਨਹੀਂ।

ਇਤਿਹਾਸ ਸਾਖੀ ਹੈ ਕਿ ਜਦ ਜਦ ਵੀ ਜ਼ੁਲਮ ਵਧਦਾ ਰਿਹਾ, ਤਦ ਤਦ ਹੀ ਸਿਖ ਜ਼ੁਲਮ ਨੂੰ ਦਬਾਣ ਲਈ ਕਮਰਕਸਾ ਕਰਦਾ ਰਿਹਾ ਹੈ। ਅਜਿਹਾ ਕਰਨ ਵਿਚ ਸਿਖ ਨੂੰ ਗ਼ਲਤ ਨਹੀਂ ਆਖਿਆ ਜਾ ਸਕਦਾ, ਸਗੋਂ ਉਹ ਲੋਕ ਗ਼ਲਤ ਨੇ, ਜੋ ਸਿਖ ਨੂੰ ਖ਼ਾਹ ਮਖ਼ਾਹ ਬਦਨਾਮ ਕਰਨ ਤੇ ਤੁਲੇ ਹੋਏ ਹਨ।

ਅਜਿਹੀ ਗੰਭੀਰ ਸਥਿਤੀ ਵਿਚ ਗੁਰਸਿਖ ਨੂੰ ਬਹੁਤ ਸਾਵਧਾਨ ਹੋਣ ਦੀ ਲੋੜ ਹੈ। ਗੁਰਸਿਖ ਨੂੰ ਓਹੋ ਕੁਝ ਕਰਨਾ ਚਾਹੀਦਾ ਹੈ ਜੋ ਉਸ ਨੂੰ ਗੁਰੂ ਕਹਿੰਦਾ ਹੈ। ਪਰ ਕਦੇ ਵੀ ਕੋਈ ਐਸੀ ਗੱਲ ਕਰਨੀ ਠੀਕ ਨਹੀਂ ਜਿਸ ਨਾਲ ਗੁਰਸਿਖੀ ਬਦਨਾਮ ਹੋਵੇ, ਜਿਸ ਨਾਲ ਸਿਖ ਧਰਮ ਅਤੇ ਸਾਡੇ ਸਤਿਗੁਰਾਂ ਵਲ ਕੋਈ ਉਂਗਲ ਕਰ ਸਕੇ। ਦੁਸ਼ਟਾਂ ਦੋਖੀਆਂ ਨੇ ਆਪਣਾ ਕੰਮ ਕਰਨਾਂ ਹੈ, ਪਰ ਅਸਾਂ ਕਦੇ ਵੀ ਸੱਚ ਦੀ ਓਟ ਨਹੀਂ ਛਡਣੀ ਅਤੇ ਆਪਣੇ ਉਚੇ ਸੁੱਚੇ ਫਰਜ਼ ਨੂੰ ਨਿਭਾਉਣ ਵਿਚ ਭੀ ਕੋਤਾਹੀ ਨਹੀਂ ਕਰਨੀ। ਅਸਾਂ ਕਿਸੇ ਦਾ ਬੁਰਾ ਨਹੀਂ ਕਰਨਾ, ਕਿਸੇ ਨੂੰ ਡਰਾਉਣਾ ਨਹੀਂ, ਪਰ ਕਿਸੇ ਕੋਲੋਂ ਡਰ ਕੇ ਵੀ ਦਿਨ-ਕਟੀ ਨਹੀਂ ਕਰਨੀ। ਗੁਰਸਿਖ ਨੇ ਕੋਈ ਉਹ ਹਰਕਤ ਨਹੀਂ ਕਰਨੀ ਜਿਸ ਤੋਂ ਗੁਰਬਾਣੀ ਵਰਜਦੀ ਹੈ।

ਗੁਰਸਿਖੋ, ਅਜ ਲੋੜ ਹੈ ਕਿ ਦੁਨੀਆਵੀ ਸੁਖਾਂ ਦੀ ਖ਼ਾਤਰ ਜਿਨ੍ਹਾਂ ਕੁਰਸੀਆਂ ਤੇ ਵਡਿਆਈਆਂ ਮਗਰ ਦੌੜੇ ਫਿਰਦੇ ਹਾਂ, ਇਨ੍ਹਾਂ ਨੂੰ ਠੋਕਰਾਂ ਮਾਰ ਦੇਈਏ, ਠੁਡੇ ਮਾਰ ਕੇ ਪਰੇ ਸੁਟ ਦੇਈਏ ਅਤੇ ਇਨ੍ਹਾਂ ਪੰਜਾਲੀਆਂ ਤੋਂ ਆਪਣੇ ਆਪ ਨੂੰ ਅਜ਼ਾਦ ਕਰਾ ਲਈਏ। ਇਹ ਵਸਤੂਆਂ, ਇਹ ਕੁਰਸੀਆਂ ਇਥੇ ਹੀ ਰਹਿ ਜਾਣੀਆਂ ਹਨ। ਸਮਾਂ ਪਾ ਕੇ ਇਹ ਖੁਸ ਜਾਣੀਆਂ ਹਨ। ਤੋੜ ਨਿਭਣ ਵਾਲੀਆਂ ਨਹੀਂ। ਤੋੜ ਨਿਭਣ ਵਾਲੀ ਕੋਈ ਵਸਤੂ ਹੈ ਤਾਂ ਉਹ ਹੈ ਸਿਖੀ ਆਚਰਨ, ਧਰਮੀ ਜੀਵਨ। ਧਰਮੀ ਤੇ ਪਰਉਪਕਾਰੀ ਜੀਵਨ ਹੀ ਸਾਥ ਨਿਭਣਾ ਹੈ, ਦੀਨ ਦੁਨੀਆ ਵਿਚ, ਲੋਕ ਪਰਲੋਕ ਵਿਚ ਸਹਾਈ ਹੋਣਾ ਹੈ। ਜੇ ਸਿਖ ਗੁਰੂ ਨਾਲ ਜੁੜਿਆ ਰਹੇਗਾ ਤਾਂ ਹਰ ਮੈਦਾਨ ਫ਼ਤਹ ਪਾਵੇਗਾ। ਭਾਵੇਂ ਉਹ ਸੰਸਾਰ ਦੇ ਕਿਸੇ ਥਾਂ ਤੇ ਵੀ ਰਹਿੰਦਾ ਹੋਵੇਗਾ, ਕੋਈ ਉਸ ਦਾ ਕੁਝ ਵਿਗਾੜ ਨਹੀਂ ਸਕਦਾ। ਗੁਰਸਿਖ ਨੂੰ ਇਹ ਭਰੋਸਾ ਹੁੰਦਾ ਹੈ—

ਨਾਲਿ ਨਰਾਇਣੁ ਮੇਰੈ ॥ ਜਮਦੂਤੁ ਨ ਆਵੈ ਨੇਰੈ ॥
ਕੰਠਿ ਲਾਇ ਪ੍ਰਭ ਰਾਖੈ ॥ ਸਤਿਗੁਰ ਕੀ ਸਚੁ ਸਾਖੈ ॥੧॥ (੬੩੦)

[ਸ: ਤ੍ਰਿਲੋਚਨ ਸਿੰਘ ਜੀ ਦੇ ਲੇਖ ਦੇ ਅਧਾਰ ਤੇ


www.AKJ.Org

ਕਮਜ਼ੋਰਾਂ ਦੀ ਬਾਂਹ ਫੜ,
ਦੇ ਕੇ ਆਪਣਾ ਸੀਸ ਧੜ,
ਹਿੰਦੂ ਧਰਮ ਬਚਾ ਲਿਆ
ਤੇਗ ਬਹਾਦਰ ਖ਼ਾਸ–ਮੇਰੀ ਹੈ ਅਰਦਾਸ
ਲਖਾਂ ਦੁਖੜੇ ਜਰ ਜਰ,
ਸਰਬੰਸ ਵਾਰ ਕੇ ਕਲਗੀਧਰ,
ਕਢ ਵਗਾਇਆ ਦੇਸ਼ ਦੇ ਵਿਚੋਂ
ਜ਼ੁਲਮ ਭੈ ਤੇ ਤਰਾਸ–ਮੇਰੀ ਹੈ ਅਰਦਾਸ
ਦੇ ਅੰਮ੍ਰਿਤ ਦੀ ਰੱਬੀ ਦਾਤ,
ਬਦਲ ਦਿਤੀ ਬੰਦੇ ਦੀ ਜ਼ਾਤ,
ਸੂਰਜ ਵਾਂਗੂ ਜਗ ਤੇ ਤੇਰਾ
ਕਰ ਦਿਤਾ ਪਰਕਾਸ਼–ਮੇਰੀ ਹੈ ਅਰਦਾਸ
ਕੁਲ ਦੁਨੀਆ ਦੇ ਖਬੀ ਖਾਨ,
ਤਕ ਕੇ ਤੇਰੀ ਪ੍ਰਭਤਾ ਸ਼ਾਨ,
ਹੋਂਦ ਤੇਰੀ ਦਾ ਕੁਲ ਆਲਮ ਵਿਚ
ਦਿਲੋਂ ਕੀਤਾ ਅਹਿਸਾਸ–ਮੇਰੀ ਹੈ ਅਰਦਾਸ
ਕੁਰਬਾਨੀ ਤੇਰੀ ਹੋਈ ਪਰਧਾਨ,
ਭਾਰਤ ਨੂੰ ਤੇਰੇ ਤੇ ਮਾਨ,
ਦੇਸ਼ ਦਾ ਅਸਲੀ ਰਾਖਾ ਤੂ ਹੈ
ਬੋਲ ਦਸੇ ਇਤਿਹਾਸ–ਮੇਰੀ ਹੈ ਅਰਦਾਸ
ਅਕਿਰਤਘਣਾਂ ਦੀ ਵੇਖ ਨ ਗੱਲ,
ਉਹਨਾਂ ਦੀ ਗੱਲ ਗੱਲ ਵਿਚ ਵਲ,
ਤਕ ਕੁਕਰਮ ਉਨ੍ਹਾਂ ਦੇ ਸਿੰਘਾ
ਜ਼ਰਾ ਨ ਹੋ ਉਦਾਸ–ਮੇਰੀ ਹੈ ਅਰਦਾਸ
ਗੁਰੂ-ਦਵਾਰੇ ਧਰਮ-ਅਸਥਾਨ,
ਸਾਂਭੇ ਤੂੰ ਦੇ ਜਿੰਦ ਪਰਾਣ,
ਸਦਾ ਹੀ ਮਿਲਣ ਮੁਰਾਦਾਂ ਏਥੋਂ
ਨਾਲ ਸਿਦਕ ਪੂਰਨ ਵਿਸ਼ਵਾਸ–ਮੇਰੀ ਹੈ ਅਰਦਾਸ
ਪਰ ਦੁਸ਼ਮਨ ਦੇ ਅਡੇ ਚੜ੍ਹ,
ਆਪਸ ਦੇ ਵਿਚ ਰਹਿਓਂ ਲੜ,
ਅਪਣੀ ਇਜ਼ਤ ਅਪਣਾ ਵਿਰਸਾ,
ਅਪਣੇ ਹਥੀਂ ਕਰ ਨ ਨਾਸ–ਮੇਰੀ ਹੈ ਅਰਦਾਸ
ਤੇਰੇ ਨਾਲੋਂ ਸਿਆਣਾ ਹੋਰ,
ਮੈਨੂੰ ਦਿਸੇ ਕਿਸੇ ਨ ਤੌਰ,
ਕਲਗੀਧਰ ਦਸਮੇਸ਼ ਦੇ ਸਿੰਘਾ
ਮਨ ਵਿਚ ਕਰ ਕਿਆਸ–ਮੇਰੀ ਹੈ ਅਰਦਾਸ
ਤਕ ਅਪਣਾ ਪਿਛਲਾ ਕਿਰਦਾਰ,
ਨਵਾਬੀਆਂ ਦਿਤੀਆਂ ਤੂੰ ਧਿਰਕਾਰ,
ਦੁਨੀਆ ਦੇ ਵਿਚ ਹੱਸ ਹੱਸ ਵੰਡੀ
ਤਿਆਗ ਦੀ ਸੁਚੀ ਰਾਸ–ਮੇਰੀ ਹੈ ਅਰਦਾਸ
ਪਰ ਕੁਰਸੀ ਦੀ ਚਮਕ ਹੁਣ,
ਤੈਨੂੰ ਖਾ ਰਹੀ ਵਾਂਗੂ ਘੁਣ,
ਇਕ ਦੂਏ ਦੇ ਲਹੂ ਨਹਾ ਕੇ
ਖ਼ੁਦ ਦਾ ਕਰੇਂ ਵਿਨਾਸ–ਮੇਰੀ ਹੈ ਅਰਦਾਸ
ਨੁਕਤਾ ਸਮਝ ਤੇ ਕਰ ਧਿਆਨ,
ਨ ਕਰ ਗੁਰੂ-ਘਰ ਦਾ ਅਪਮਾਨ,
ਏਸੇ ਥਾਂ ਤੋਂ ਸਭ ਕੁਝ ਮਿਲਦਾ
ਆਨ ਸ਼ਾਨ ਤੇ ਤਖ਼ਤ ਨਿਵਾਸ–ਮੇਰੀ ਹੈ ਅਰਦਾਸ
ਗੁਰੂ ਗਰੰਥ ਦਾ ਕਰ ਸਤਿਕਾਰ,
ਰਖ ਪਵਿਤਰ ਗੁਰੂ-ਦਵਾਰ,
ਰਾਜ ਭਾਗ ਸਿਕਦਾਰੀ ਮਿਲਦੀ
ਮਿਟਦੀ ਏਥੋਂ ਹੈ ਗਰਭਾਸ–ਮੇਰੀ ਹੈ ਅਰਦਾਸ
ਤੈਨੂੰ ਤੇਰੇ ਗੁਰੂ ਦੀ ਮੱਤ,
ਇਕ ਦੂਏ ਦੀ ਰੱਖਣੀ ਪੱਤ,
ਮੇਲ ਮਿਲਾਪ ਦੀਆਂ ਜੋਗਾਂ ਲਾ ਕੇ
ਪਿਆਰ ਦਾ ਜੋੜ ਘਰਾਸ–ਮੇਰੀ ਹੈ ਅਰਦਾਸ
ਡਾਲੀ ਲਗਾ ਫੁਲ ਗੁਲਾਬ,
ਸੁੰਦਰ ਭਾਅ ਤੇ ਸੁੰਦਰ ਆਬ,
ਬੇਪਰਵਾਹ ਕੰਡਿਆਂ ਤੋਂ ਹੋ ਕੇ
ਦੇਂਦਾ ਰਵੇ ਮਿਠੀ ਬਾਸ–ਮੇਰੀ ਹੈ ਅਰਦਾਸ
ਅਪਣਾ ਝੁਗਾ ਆਪ ਨ ਭੰਨ,
ਅਪਣਾ ਕਾਤਲ ਆਪ ਨ ਬਣ,
ਹੋਸਨ ਚੜ੍ਹਦੀਆਂ ਕਲਾਂ ਸਦਾ ਤੂ
ਰਖ ਵਾਹਿਗੁਰੂ ਤੇ ਆਸ–ਮੇਰੀ ਹੈ ਅਰਦਾਸ
ਆਪਸ ਦੀ ਛੱਡ ਵਿਤਕਰ ਵੀਰ,
ਆਪਸ ਵਿਚ ਹੋ ਕੇ ਖੰਡ ਖੀਰ,
ਬੇਪਰਤੀਤੀ ਛੱਡ ਕੇ 'ਨੀਰ'
ਦੇਸ਼ ਕੌਮ ਦਾ ਕਰ ਵਿਕਾਸ–ਮੇਰੀ ਹੈ ਅਰਦਾਸ


www.AKJ.Org

# ਅਰਬ ਦੇਸ਼ਾਂ ਵਿਚ ਸਿਖੀ ਦੀ ਲਹਿਰ

ਸ: ਸਤਨਾਮ ਸਿੰਘ ਜੀ ਚਾਹਲ, ਮੱਟਰਾਹ (ਉਮਾਨ) ਨੇ ਜਾਣਕਾਰੀ ਭੇਜੀ ਹੈ ਕਿ ਕਿਵੇਂ ਅਰਬ ਦੇਸ਼ਾਂ ਵਿਚ ਗੁਰੂ ਕੇ ਸਿਖ ਆਪਣੇ ਸਤਿਗੁਰੂ ਦੇ ਬਚਨਾਂ ਦੀ ਕਮਾਈ ਕਰ ਰਹੇ ਹਨ ਅਤੇ ਵਖ ਵਖ ਸ਼ਹਿਰਾਂ ਵਿਚ ਗੁਰਦੁਆਰੇ ਕਾਇਮ ਕਰ ਕੇ ਗੁਰਸਿਖੀ ਨੂੰ ਪਰਫੁਲਤ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਗੁਰਸਿਖੀ ਨੇ ਪਰਫੁਲਤ ਓਦੋਂ ਹੀ ਹੋਣਾ ਹੈ ਜਦੋਂ ਹਰੇਕ ਗੁਰਸਿਖ ਜਿਥੇ ਕਿਤੇ ਵੀ ਬੈਠਾ ਹੈ, ਉਹ ਉਥੇ ਉਥੇ ਆਪ ਗੁਰਸਿਖੀ ਦੀ ਕਮਾਈ ਕਰੇ ਅਤੇ ਹੋਰਨਾਂ ਨੂੰ ਗੁਰੂ ਕੇ ਲੜ ਲਾਉਣ ਲਈ ਕਮਰਕਸਾ ਕਰ ਲਵੇ। ਕਿਸੇ ਲੀਡਰ ਨੇ, ਕਿਸੇ ਸਿੱਖ ਮੰਤਰੀ ਨੇ ਜਾਂ ਕਿਸੇ ਸੰਸਥਾ ਨੇ ਜਾਂ ਸ਼੍ਰੋਮਣੀ ਕਮੇਟੀ ਨੇ ਉਥੇ ਪੁਜ ਕੇ ਕੁਝ ਨਹੀਂ ਸਵਾਰਨਾ, ਸਗੋਂ "ਆਪਣ ਹਥੀ ਆਪਨਾ ਆਪੇ ਹੀ ਕਾਜੁ ਸਵਾਰੀਐ" ਗੁਰਵਾਕ ਦੀ ਪਾਲਣਾ ਹੀ ਕਰਨੀ ਗੁਣਕਾਰੀ ਹੈ। ਦੀਵੇ ਤੋਂ ਹੀ ਦੀਵਾ ਜਗਣਾ ਹੈ। ਸੱਚੀ ਸੁੱਚੀ ਕਾਰ ਕਮਾਉਣ ਵਾਲੇ ਗੁਰਸਿਖਾਂ ਦੇ ਜੀਵਨਾਂ ਤੋਂ ਹੀ ਗੁਰਸਿਖੀ ਨੇ ਵਧਣਾ ਫੁਲਣਾ ਹੈ, ਫੋਕੇ ਤੇ ਥੋਥੇ ਪਰਚਾਰਕਾਂ ਨੇ ਕੁਝ ਨਹੀਂ ਸਵਾਰਨਾ। —ਸੰਪਾਦਕ

ਸਿਖ ਦੁਨੀਆ ਦੇ ਹਰੇਕ ਕੋਨੇ ਵਿਚ ਵਸਦਾ ਹੈ। ਇੰਗਲੈਂਡ, ਅਮਰੀਕਾ, ਅਸਟਰੇਲੀਆ, ਜਰਮਨ ਤੇ ਮਿਡਲ ਈਸਟ ਆਦਿ ਦੇ ਦੇਸ਼ਾਂ ਵਿਚ ਜਾ ਕੇ ਸਿਖ ਕੌਮ ਨੇ ਜਿਥੇ ਆਪਣੇ ਆਪ ਨੂੰ ਆਰਥਿਕ ਪਧਰ ਤੇ ਮਜ਼ਬੂਤ ਕੀਤਾ ਹੈ ਉਥੇ ਸਿਖਾਂ ਨੇ ਵਿਦੇਸ਼ਾਂ ਵਿਚ ਰਹਿ ਕੇ ਧਾਰਮਿਕ ਪਧਰ ਤੇ ਵੀ ਕਾਫ਼ੀ ਉਨਤੀ ਕੀਤੀ ਹੈ। ਸਿਖ ਜਿਥੇ ਵੀ ਗਏ ਉਥੇ ਜਾ ਕੇ ਸਭ ਤੋਂ ਪਹਿਲਾ ਕੰਮ ਉਨ੍ਹਾਂ ਨੇ ਗੁਰਦਵਾਰਾ ਸਾਹਿਬ ਦੀ ਉਸਾਰੀ ਸੰਬੰਧੀ ਲੋੜੀਂਦੇ ਉਪਰਾਲੇ ਕੀਤੇ, ਤਾਂ ਕਿ ਉਹ ਆਪਣੇ ਧਾਰਮਿਕ ਜੀਵਨ ਨੂੰ ਸਿਖੀ ਅਸੂਲਾਂ ਅਨੁਸਾਰ ਢਾਲ ਸਕਣ।

ਇਹ ਹੋਰ ਵੀ ਖੁਸ਼ੀ ਵਾਲੀ ਗੱਲ ਹੈ ਕਿ ਅਰਬ ਦੇਸ਼ਾਂ ਵਿਚੋਂ ਸਿੰਘ ਸਭਾ ਬਗ਼ਦਾਦ (ਇਰਾਕ), ਸਿੰਘ ਸਭਾ ਬਹਿਰੀਨ, ਸਿੰਘ ਸਭਾ ਡੁਬਈ ਕੌਂਸਟਨ ਟੇਲਰ ਵੁਡਰੋ, ਜੇ. ਐਂਡ ਪੀ. ਸਿੰਘ ਸਭਾ ਅਜੀਬਾ (ਓਮਾਨ), ਵਿੰਪੀ ਅਲਾਵੀ ਸਿੰਘ ਸਭਾ ਮਸਕਟ, ਤੇ ਸਿੰਘ ਸਭਾ ਅਲ ਥਰਮਟ (ਓਮਾਨ) ਨੇ ਜਿਥੇ ਅਰਬ ਦੇਸ਼ਾਂ ਵਿਚ ਵਸਦੇ ਸਿਖਾਂ ਦੇ ਧਾਰਮਿਕ ਜੀਵਨ ਨੂੰ ਉਚਾ ਚੁਕਣ ਲਈ ਯੋਗ ਅਗਵਾਈ ਕੀਤੀ ਹੈ ਉਥੇ ਹਜ਼ਾਰਾਂ ਹੀ ਪਤਿਤ ਸਿਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ।

ਇਸ ਸਾਲ ਖ਼ਾਲਸਾ ਪੰਥ ਦਾ ਜਨਮ ਦਿਨ ੧੩ ਅਪਰੈਲ ਨੂੰ ਸੀ। ਪਰ ਮਸਕਟ ਵਿਚ ਇਹ ਗੁਰਪੁਰਬ ਸਿੰਘ ਸਭਾ ਵਿੰਪੀ ਅਲਾਵੀ ਤੇ ਸਿੰਘ ਸਭਾ ਅਲ ਥਰਮਟ ਵਲੋਂ ੨੫-੪-੯੬ ਨੂੰ ਛੁਟੀ ਵਾਲੇ ਦਿਨ ਮਨਾਇਆ ਗਿਆ। ਗੁਰਦਵਾਰਾ ਵਿੰਪੀ ਅਲਾਵੀ ਵਿਖੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਅਰੰਭ ਕੀਤਾ ਗਿਆ। ੨੫-੪-੯੬ ਨੂੰ ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਪ੍ਰੋਗਰਾਮ ਹੋਏ, ਜਿਸ ਵਿਚ ਵਖ ਵਖ ਥਾਵਾਂ ਤੋਂ ਪੁਜੇ ਕੀਰਤਨੀ ਜਥਿਆਂ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਗੁਰਮਤਿ ਵਿਚਾਰਾਂ ਹੋਈਆਂ ਤੇ ਸਿਖ ਕੌਮ ਵਿਚ ਆ ਰਹੀ ਧਾਰਮਿਕ ਗਿਰਾਵਟ ਤੇ ਡੂੰਘੀ ਚਿੰਤਾ ਪਰਗਟ ਕੀਤੀ ਗਈ ਤੇ ਧਰਮ ਪਰਚਾਰ ਲਈ ਹੋਰ ਨਿਗਰ ਉਪਰਾਲਿਆਂ ਦੀ ਲੋੜ ਤੇ ਜ਼ੋਰ ਦਿਤਾ ਗਿਆ। ਗੁਰਦਵਾਰਾ ਸਾਹਿਬ ਦਾ ਦੀਵਾਨ ਹਾਲ ਤੇ ਪੰਡਾਲ ਸਿਖ ਸੰਗਤਾਂ ਨਾਲ ਖਚਾ ਖਚ ਭਰਿਆ ਹੋਇਆ ਸੀ। ਗੁਰਦਵਾਰਾ ਸਾਹਿਬ ਦੇ ਸੇਵਾਦਾਰ ਜਥੇਬੰਦਕ ਰੂਪ ਵਿਚ ਸਿਖ ਸੰਗਤਾਂ ਦੀ ਬਹੁਤ ਹੀ ਉਤਸ਼ਾਹ ਨਾਲ ਸੇਵਾ ਕਰ ਰਹੇ ਸਨ। ਇਸ ਸਮਾਗਮ ਦੀ ਸਫਲਤਾ ਲਈ ਜਿਥੇ ਸਿੰਘ ਸਭਾ ਦੇ ਨਿਰਮਾਣ ਸੇਵਕ ਵਧਾਈ ਦੇ ਪਾਤਰ ਹਨ ਉਥੇ ਸਿਖ ਸੰਗਤਾਂ ਵੀ ਵਧਾਈ ਦੀਆਂ ਹੱਕਦਾਰ ਹਨ, ਜਿਨ੍ਹਾਂ ਨੇ ਪ੍ਰਬੰਧਕਾਂ ਨੂੰ ਨਿਘਾ ਸਹਿਯੋਗ ਦੇ ਕੇ ਧਰਮ ਪਰਚਾਰ ਦੇ ਉਪਰਾਲਿਆਂ ਲਈ ਹੋਰ ਉਤਸ਼ਾਹਿਤ ਕੀਤਾ ਹੈ।


www.AKJ.Org

# ਗੁਰੂ ਨਾਨਕ ਦੇਵ ਜੀ ਦੀ ਤਿੱਬਤ ਤੇ ਚੀਨ ਦੀ ਯਾਤਰਾ

[ਡਾਕਟਰ ਗੁਰਚਰਨ ਸਿੰਘ ਜੀ, ਜ਼ੀਰਾ]

ਸ੍ਰੀ ਗੁਰੂ ਨਾਨਕ ਦੇਵ ਸਿੱਖ ਧਰਮ ਦੇ ਮੋਢੀ, ਮਹਾਨ ਮਾਨਵਵਾਦੀ, ਸੁਧਾਰਕ, ਲਾਸਾਨੀ ਸ਼ਾਇਰ ਤੇ ਬੇਜੋੜ ਪ੍ਰਚਾਰ-ਯਾਤਰੀ ਸਨ। ਉਨ੍ਹਾਂ ਦੀਆਂ ਯਾਤਰਾਵਾਂ ੧੪੯੯ ਈਸਵੀ ਚਿ ਆਰੰਭ ਹੋਈਆਂ ਤੇ ਪੰਜਾਬ ਤੋਂ ਬਾਹਰ ਉਹ ੧੫੨੦-੨੧ ਈਸਵੀ ਤਕ ਸੱਚ, ਸ਼ਾਂਤੀ, ਬਰਾਬਰੀ, ਨੇਕ ਕਮਾਈ ਤੇ ਸਰਬੱਤ ਦੇ ਸੰਦੇਸ਼ ਦਿੰਦੇ ਰਹੇ। ਉਨ੍ਹਾਂ ਦੀਆਂ ਯਾਤਰਾਵਾਂ ਆਸਾਮ, ਲੰਕਾ, ਮੱਕਾ, ਤਿੱਬਤ ਤੇ ਚੀਨ ਤਕ ਦੂਰ ਦਰਾਜ਼ ਦੇ ਮੁਲਕਾਂ ਨਾਲ ਸੰਬੰਧ ਰਖਦੀਆਂ ਸਨ। ਹਿੰਦੁਸਤਾਨ ਦੇ ਤਾਂ ਉਹ ਕੋਨੇ ਕੋਨੇ 'ਚ ਪਹੁੰਚੇ ਸਨ। ਸੱਯਦ ਮੁਹੰਮਦ ਲਤੀਫ਼ ਉਨ੍ਹਾਂ ਨੂੰ ਤੁਰਕੀ ਪਹੁੰਚੇ ਵੀ ਮੰਨਦਾ ਹੈ। ਨਵੀਨ ਖੋਜਾਂ ਚਿ ਗੁਰੂ ਸਾਹਿਬ ਦਾ ਚੀਨ ਜਾਣਾ ਵੀ ਸਿੱਧ ਹੁੰਦਾ ਹੈ।

ਗੁਰੂ ਸਾਹਿਬ ਦਾ ਤਿੱਬਤ ਤਕ ਪਹੁੰਚਣਾ ਤਾਂ ਭਾਈ ਗੁਰਦਾਸ ਦੀ ਪਹਿਲੀ ਵਾਰ ਤੋਂ ਹੀ ਸਿੱਧ ਹੋ ਜਾਂਦਾ ਹੈ—

'ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੇ ਤਕਿ ਆਹੀ॥
ਫਿਰਿ ਜਾਇ ਚੜ੍ਹਿਆ ਸੁਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ॥ [ਵਾਰ ੧, ਪਉੜੀ ੨੮

ਇਹ ਯਾਤਰਾ ੧੫੧੩-੧੪ ਤੋਂ ੧੫੧੬ ਤਕ ਦੇ ਸਮੇਂ ਚਿ ਸੰਪੂਰਨ ਹੋਈ। ਗੁਰੂ ਸਾਹਿਬ ਮੰਡੀ, ਜਵਾਲਾਮੁਖੀ ਤੇ ਬੈਜਨਾਥ ਰਾਹੀਂ ਕੁੱਲੂ ਤੇ ਸਪਿਤੀ ਚਿ ਦਾਖ਼ਲ ਹੋਏ। ਉਥੇ ਉਹ ਚੰਦਰਕਲਾ ਦੱਰੇ ਕੋਲ ਮੁਲਾਨਾ ਪਿੰਡ ਠਹਿਰੇ, ਜਿਥੋਂ ਦੇ ਲੋਕ ਅੱਜ ਵੀ ਗੁਰੂ ਸਾਹਿਬ ਨੂੰ 'ਨਾਨਕ ਤਪਾ' ਕਹਿ ਕੇ ਯਾਦ ਕਰਦੇ ਹਨ।

ਉਸ ਤੋਂ ਅੱਗੇ ਉਹ ਤਿੱਬਤ ਚਿ ਦਾਖ਼ਲ ਹੋਏ। ਸਿੱਪਕੀ ਦੱਰੇ ਰਾਹੀਂ ਉਹ ਮਾਨਸਰੋਵਰ ਝੀਲ ਤੇ ਕੈਲਾਸ਼ ਪਰਬਤ ਪਹੁੰਚੇ। ਇਹ ਕੈਲਾਸ਼ ਪਰਬਤ ਉਹੀ ਹੈ ਜਿਸ ਨੂੰ ਜਨਮ ਸਾਖੀਆਂ ਵਿਚ ਸੁਮੇਰ ਪਰਬਤ ਕਿਹਾ ਗਿਆ ਹੈ।

ਮਾਨਸਰੋਵਰ ਝੀਲ ਇਸ ਪਰਬਤ ਤੋਂ ਕੋਈ ਵੀਹ ਕੁ ਮੀਲ ਦੀ ਵਿੱਥ ਤੇ ਹੈ। ਕੈਲਾਸ਼ ਪਰਬਤ ਉਪਰ ਹੀ ਸਿੱਧਾਂ ਨਾਲ ਗੁਰੂ ਸਾਹਿਬ ਨੇ ਗੋਸ਼ਟ ਕੀਤੀ।

ਆਮ ਖ਼ਿਆਲ ਹੈ ਕਿ ਗੁਰੂ ਸਾਹਿਬ ਮਾਨਸਰੋਵਰ ਤੋਂ ਪਿਛੋਂ ਚੈਸੂਰ ਦਰਿਆ ਪਾਰ ਕਰ ਕੇ ਲਦਾਖ ਚਿ ਦਾਖ਼ਲ ਹੋਏ ਤੇ ਕਸ਼ਮੀਰ ਹੁੰਦੇ ਹੋਏ ਪਸਰੂਰ ਸਿਆਲਕੋਟ ਆਦਿ ਰਾਹੀਂ ਤਲਵੰਡੀ ਰਾਇ ਭੁਇੰ ਪਰਤ ਆਏ।

ਪਰੰਤੂ ਹੁਣ ਕੁਝ ਐਸੇ ਤੱਥ ਪ੍ਰਾਪਤ ਹੋਏ ਹਨ ਜਿਨ੍ਹਾਂ ਤੋਂ ਉਨ੍ਹਾਂ ਦਾ ਉਸ ਸਮੇਂ ਚੀਨ ਜਾਣਾ ਵੀ ਸਿੱਧ ਹੁੰਦਾ ਹੈ। ਗੁਰੂ ਸਾਹਿਬ ਦੀਆਂ ਮੂਰਤੀਆਂ ਦਾ ਤਿੱਬਤ ਦੇ ਗੁਫਾ-ਮੰਦਰਾਂ ਚਿ ਸਥਾਪਿਤ ਹੋਣਾ ਸਿੱਧ ਕਰਦਾ ਹੈ ਕਿ ਗੁਰੂ ਸਾਹਿਬ ਦਾ ਬੋਧੀਆਂ ਉਪਰ ਬਹੁਤ ਪ੍ਰਭਾਵ ਪਿਆ ਸੀ। ਤਿਬਤੀ ਬੋਧੀ ਆਪਣੇ ਪੂਜਾ-ਮੰਤਰ 'ਓਮ ਮਨੀ, ਪਦਮੀ ਹਮ' ਦੀ ਥਾਂ 'ਓਮ, ਅਹੰਮ, ਭਦੱਰਾ ਗੁਰੂ ਪਰਮ ਸਿੱਧੀ ਹਮ' ਦਾ ਉਚਾਰਨ ਗੁਰੂ ਸਾਹਿਬ ਦੀ ਯਾਦ ਵਿਚ ਹੀ ਕਰਨ ਲਗੇ ਸਨ।

ਹੁਣ ਤਕ ਅਨੇਕ ਚੀਨੀ ਯਾਤਰੀ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਤੇ ਯਾਤਰਾ ਲਈ ਆਉਂਦੇ ਰਹੇ ਹਨ। ਇਹ ਅਕਾਰਨ ਨਹੀਂ ਹੋ ਸਕਦਾ। ਸਿੱਕਮ, ਤਿੱਬਤ, ਚੀਨ ਕਦੇ ਇਕ ਹੀ ਧਰਮ ਕਾਰਨ ਜੁੜੇ ਹੋਏ ਸਨ। ੧੯੫੩ ਵਿਚ ਜਦ ਸ੍ਰੀ ਜਵਾਹਰ ਲਾਲ ਨਹਿਰੂ ਪਹਿਲੀ ਵਾਰ ਚੀਨ ਦੀ ਯਾਤਰਾ ਲਈ ਸਿੱਕਮ ਰਾਹੀਂ ਗਏ ਸਨ ਤਾਂ ਚੀਨੀ ਪ੍ਰਧਾਨ ਮੰਤਰੀ ਚੂ-ਐਨ-ਲਾਈ ਨੇ ਗੁਰੂ ਨਾਨਕ ਸਾਹਿਬ ਦੀ ਚੀਨ-ਯਾਤਰਾ ਦਾ ਜ਼ਿਕਰ ਕਰਦਿਆਂ ਨਹਿਰੂ ਜੀ ਦਾ ਸੁਆਗਤ ਕੀਤਾ ਸੀ। ਉਨ੍ਹਾਂ ਕਿਹਾ ਸੀ, "੪੫੦ ਸਾਲ ਪਹਿਲਾਂ ਜਦ ਭਾਰਤ ਦੇ ਮਹਾਨ ਸੰਤ ਗੁਰੂ ਨਾਨਕ ਦੇਵ ਜੀ ਸਾਡੇ ਦੇਸ਼ ਆਏ ਸਨ ਤਾਂ ਉਨ੍ਹਾਂ ਨੇ ਜਨਤਾ ਨੂੰ ਰੂਹਾਨੀ ਸੰਦੇਸ਼ ਦਿਤਾ ਸੀ। ਸਾਡੇ ਸਮਰਾਟ 'ਕੁੰਕਿਨਗਾਂਗ' ਨੇ ਉਨ੍ਹਾਂ ਦੇ ਸਨਮਾਨ ਤੇ ਯਾਦ ਚਿ ਉਸ ਸਮੇਂ ਆਪਣੀ ਰਾਜਧਾਨੀ ਦਾ ਨਾਮ "ਨਾਨਕਿੰਗ' ਰੱਖ ਦਿਤਾ ਸੀ।" ਗੁਰੂ ਸਾਹਿਬ ਦੀ ਚੀਨ-ਫੇਰੀ ਦਾ ਇਸ ਤੋਂ ਵੱਡਾ ਪ੍ਰਮਾਣ ਹੋਰ ਕੀ ਹੋ ਸਕਦਾ ਹੈ?

ਚੀਨ ਦੀ ਸੀਮਾ ਅੰਦਰ ਭੂਟਾਨ ਤੇ ਤਿੱਬਤ ਦੀ ਹੱਦ ਨਾਲ ਇਕ ਭੂਤਨ ਨਾਮ ਦਾ ਕਸਬਾ ਹੈ, ਜਿਥੇ ਵਸਦੇ



www.AKJ.Org

# ਸਤਸੰਗਤਿ ਕੈਸੀ ਜਾਣੀਐ

ਸਤਿ ਤੋਂ ਭਾਵ ਹੈ, ਸਤਸਰੂਪ ਪਾਰਬ੍ਰਹਮ ਵਾਹਿਗੁਰੂ। ਜਿਸ ਸੰਗਤ ਵਿਚ ਵਾਹਿਗੁਰੂ ਜੀ ਦਾ ਵਾਸਾ ਹੋਵੇ, ਉਹ ਸਤਸੰਗਤਿ ਹੈ। ਅਜਿਹੀ ਸੰਗਤ ਵਿਚ ਹਰੀ ਨਾਮ ਦੇ ਵਪਾਰੀ ਜੁੜਦੇ ਹਨ, ਹਰਿ ਨਾਮ ਧਨ ਦਾ ਲਾਹ ਖਟਣ ਲਈ ਮਿਲ ਬੈਠਦੇ ਹਨ। ਉਨ੍ਹਾਂ ਦੇ ਮਨ ਤਨ ਪ੍ਰਭੂ-ਪਿਆਰ ਵਿਚ ਵਿੰਨ੍ਹੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਪ੍ਰਭੂ-ਪ੍ਰੀਤਮ ਦੀ ਦਰਸ-ਪਿਆਸ ਤੋਂ ਬਿਨਾਂ ਹੋਰ ਕੋਈ ਅਕਾਂਖਿਆ ਨਹੀਂ ਹੁੰਦੀ। ਉਹ ਤਾਂ ਕੂਕਦੇ ਹਨ—

ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥ (੯੬੯-੭੦)

ਅਤੇ ਇਉਂ ਜੋਦੜੀਆਂ ਤੇ ਜਾਚਨਾਂ ਕਰੀ ਜਾਂਦੇ ਹਨ—

ਓਹਾ ਪ੍ਰੇਮ ਪਿਰੀ ॥੧॥ਰਹਾਉ॥<br>
ਕਨਿਕ ਮਾਣਿਕ ਗਜ ਮੋਤੀਅਨ ਲਾਲਨ, ਨਹ ਨਾਹ ਨਹੀ ॥੧॥<br>
ਰਾਜ ਨ ਭਾਗ ਨ ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥੨॥<br>
ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ ॥<br>
ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ॥੩॥੩॥੧੪੩॥ (੪੦੬-੦੭)

ਐਸੇ ਸੱਚ ਦੇ ਮਤਵਾਲੇ ਦੁਨੀਆਵੀ ਭੁਖਾਂ ਗਵਾ ਦੇਂਦੇ ਹਨ ਅਤੇ ਉਨ੍ਹਾਂ ਨੂੰ ਸੁਖ ਕੇਵਲ ਇਥੇ ਹੀ ਦਿਸਦਾ ਹੈ—

ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ॥<br>
ਹਮਰੀ ਬੇਦਨ ਤੂ ਜਾਨਤਾ ਮੇਰੇ ਸਾਹਾ, ਅਵਰੁ ਕਿਆ ਜਾਨੈ ਕੋਇ ॥੧॥ਰਹਾਉ॥ (੬੭੦)

ਅਤੇ— ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ ॥<br>
ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ, ਸਤਿਗੁਰਿ ਬੂਝਿ ਬੁਝਾਈ ॥੧॥ਰਹਾਉ॥ (੭੯੬)

ਉਨ੍ਹਾਂ ਨਾਮ-ਬੀਧੇ ਰੰਗ-ਰਤੜੇ ਗੁਰੂ-ਵਰੋਸਾਇ ਪਿਆਰਿਆਂ ਨੂੰ ਹੋਰ ਕੁਝ ਚੰਗਾ ਲਗਦਾ ਹੀ ਨਹੀਂ—

ਤੂੰ ਮੇਰੋ ਪਿਆਰੋ ਤਾਂ ਕੈਸੀ ਭੂਖਾ ॥ ਤੂੰ ਮਨਿ ਵਸਿਆ ਲਗੈ ਨ ਦੂਖਾ ॥੧॥ਰਹਾਉ॥ (੩੭੬)

---

✿ 'ਲਾਮੇ' ਕੇਸਾਧਾਰੀ ਹਨ। ਉਥੇ ਇਕ ਮੰਦਰ ਵੀ ਹੈ, ਜਿਸ ਨੂੰ 'ਨਾਨਕ ਸਟੂਪਾ' ਵੀ ਕਿਹਾ ਜਾਂਦਾ ਹੈ। ਉਸ ਥਾਂ ਤੇ ਗੁਰੂ ਜੀ ਦਾ ਚੋਲਾ, ਕਰਮੰਡਲ ਤੇ ਇਕ ਤ੍ਰਿਸ਼ੂਲ ਹੈ। ਗੁਰੂ ਜੀ ਦੀ ੬ ਫੁੱਟ ਉੱਚੀ ਮੂਰਤੀ ਵੀ ਹੈ ਤੇ ਬਾਲਾ ਮਰਦਾਨਾ ਗੁਰੂ ਜੀ ਪਾਸੇ ਬੈਠੇ ਦਿਖਾਏ ਗਏ ਹਨ।

ਚੀਨ ਦੀ ਹੱਦ ਵਿਚਲੀ ਇਸ ਯਾਦ ਤੋਂ ਬਿਨਾਂ ਇਕ ਝੀਲ ਵੀ ਹੈ, ਜੋ ਤਿੱਬਤ ਵਿਚ ਹੈ। ਇਸ ਸੰਬੰਧੀ ਲੋਕ-ਵਿਸ਼ਵਾਸ ਹੈ ਕਿ ਇਸ ਝੀਲ ਦਾ ਪਾਣੀ ਠੰਡ ਚਿ ਜੰਮਿਆ ਰਹਿੰਦਾ ਸੀ। ਗੁਰੂ ਜੀ ਨੇ ਉੱਥੇ ਆਪਣਾ ਨਾਦ ਕੀਤਾ। ਲੋਕ ਨਾਦ ਸੁਣ ਕੇ ਆਏ ਤੇ ਝੀਲ ਜੰਮਣ ਕਾਰਨ ਪਾਣੀ ਦੀ ਔਕੜ ਦਸੀ। ਗੁਰੂ ਜੀ ਦੀ ਮਿਹਰ ਨਾਲ ਪਾਣੀ ਪਿਘਲ ਗਿਆ, ਜੋ ਫਿਰ ਕਦੇ ਨਾ ਜੰਮਿਆ। ਉਸ ਦਿਨ ਤੋਂ ਸਥਾਨਕ ਲੋਕ ਇਸ ਝੀਲ ਨੂੰ 'ਗੁਰੂ ਕਾਂਬਾ' (ਗੁਰੂ ਦਾ ਅੰਮ੍ਰਿਤ) ਕਹਿ ਕੇ ਮੰਨਦੇ ਦੱਸੀਦੇ ਹਨ। ਇਸ ਝੀਲ ਨੂੰ ਉਹ 'ਗਿਸ਼ਮੀ ਲਾਗਾ' (ਗੁਰੂ ਲਾਮਾ ਅਰਥਾਤ ਗੁਰੂ ਨਾਨਕ ਦੀ ਅੰਮ੍ਰਿਤ ਝੀਲ) ਕਹਿੰਦੇ ਹਨ।

ਖੋਜ ਕਰਨ ਤੇ ਹੋਰ ਵੀ ਅਨੇਕਾਂ ਸਥਾਨ ਤੇ ਯਾਦਗਾਰਾਂ ਮਿਲ ਜਾਣਗੀਆਂ, ਜਿਨ੍ਹਾਂ ਤੋਂ ਗੁਰੂ ਜੀ ਦੇ ਤਿੱਬਤ, ਭੂਟਾਨ, ਸਿਕਮ ਤੇ ਚੀਨ ਜਾਣ ਬਾਰੇ ਕੋਈ ਵਿਵਾਦ ਨਹੀਂ ਰਹੇਗਾ। ਸੱਚ ਮੁੱਚ ਹੀ ਗੁਰੂ ਸਾਹਿਬ ਭੌਤਿਕ ਤੇ ਰੂਹਾਨੀ ਜਗਤ ਦੇ ਮਹਾਨ ਯਾਤਰੀ ਸਨ। ਸਿੱਖ ਜਗਤ ਜਿਤਨਾ ਹੀ ਗੁਰੂ ਨਾਨਕ ਦੀ 'ਵਾਟ' ਤੇ ਚੱਲਣ ਦਾ ਯਤਨ ਕਰੇਗਾ ਉਤਨਾ ਹੀ ਇਹ ਸਰਬ-ਵਿਆਪੀ ਹੋਵੇਗਾ ਤੇ 'ਸਰਬੱਤ ਦਾ ਭਲਾ' ਕਰ ਸਕੇਗਾ। —ਅਜੀਤ, ੧੧-੩-੯੬



www.AKJ.Org

ਅਤੇ— ਹਰਿ ਚਰਨ ਕਮਲ ਮਨੁ ਬੇਧਿਆ ਕਿਛੁ ਆਨ ਨ ਮੀਠਾ ਰਾਮ ਰਾਜੇ ॥
ਮਿਲਿ ਸੰਤ ਸੰਗਤਿ ਆਰਾਧਿਆ, ਹਰਿ ਘਟਿ ਘਟੇ ਡੀਠਾ ਰਾਮ ਰਾਜੇ ॥ (੪੫੩-੫੪)

ਪਰ ਇਹ ਬਿਰਹੋਂ ਬੈਰਾਗੀ ਨਾਮ-ਰਸ ਬੀਧੇ ਜਨ ਹਉਮੈ ਵਿਚ ਬਫਾਉਂਦੇ ਨਹੀਂ, ਸਗੋਂ ਆਪਾ ਤਿਆਗ ਕੇ ਅਤਿ ਹਲੀਮੀ ਤੇ ਗਰੀਬੀ ਵਿਚ ਵਿਚਰਦੇ ਹੋਏ ਇਉਂ ਜੋਦੜੀਆਂ ਕਰਦੇ ਹਨ—

ਮਨ ਜਿਉ ਅਪਨੇ ਪ੍ਰਭ ਭਾਵਉ ॥
ਨੀਚਹੁ ਨੀਚੁ, ਨੀਚੁ ਅਤਿ ਨਾਨ੍ਹਾ, ਹੋਇ ਗਰੀਬੁ ਬੁਲਾਵਉ ॥੧॥ਰਹਾਉ॥......
ਦਾਸਨ ਦਾਸ ਰੇਣੁ ਦਾਸਨ ਕੀ, ਜਨ ਕੀ ਟਹਲ ਕਮਾਵਉ ॥......(੫੨੯)

ਅਤੇ— ਬਾਬਾ ਮੂਰਖੁ ਹਾ, ਨਾਵੈ ਬਲਿ ਜਾਉ ॥ (੧੦੧੫-੧੬)

ਫਿਰ— ਬਾਬਾ ਮੈ ਕਰਮਹੀਣ ਕੂੜਿਆਰ ॥
ਨਾਮੁ ਨ ਪਾਇਆ ਤੇਰਾ ਅੰਧਾ, ਭਰਮਿ ਭੂਲਾ ਮਨੁ ਮੇਰਾ ॥੧॥ਰਹਾਉ॥ (੯੮੯)

ਇਉਂ ਨਿਮਰਤਾ ਤੇ ਗਰੀਬੀ ਵਿਚ ਵਿਚਰਦੇ ਇਹ ਹੁਕਮੀ ਬੰਦੇ ਬੇ-ਖ਼ਰੀਦ ਦਾਸਰੇ ਬਣੇ ਹੋਏ ਆਪਣੇ ਪ੍ਰਭੂ ਤੋਂ, ਉਸ ਦੇ ਨਾਮ ਤੋਂ ਵਾਰੀ ਘੋਲੀ ਜਾਂਦੇ ਹਨ ਅਤੇ ਉਸ ਦੀ ਸੁੰਦਰਤਾ ਤੋਂ ਲੋਟ ਪੋਟ ਹੋਏ ਰਹਿੰਦੇ ਹਨ—

(ੳ) ਹਉ ਵੰਞਾ ਕੁਰਬਾਣੁ ਸਾਈ ਆਪਣੇ ॥ ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ ॥੧॥ਰਹਾਉ॥(੩੯੭)

(ਅ) ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਮ ਨੋ ॥੧॥ਰਹਾਉ॥ (੭੧-੭੨)

(ੲ) ਤੇਰਾ ਨਾਮੁ ਰੂੜੋ, ਰੂਪੁ ਰੂੜੋ, ਅਤਿ ਰੰਗੁ ਰੂੜੋ ਮੇਰੋ ਰਾਮਈਆ ॥੧॥ਰਹਾਉ॥ (੬੯੩)

ਸਤਸੰਗਤਿ ਵਿਚ ਮਿਲ ਬੈਠਣ ਵਾਲੇ ਇਹ ਬਿਰਹੋਂ ਬੈਰਾਗੀ ਦਾਸਰੇ, ਲਾਲੇ ਗੋਲੇ, ਬਾਬੇ ਦੇ ਦਰ ਦੇ ਗ਼ੁਲਾਮ ਹੋ ਕੇ ਇਹੋ ਜਾਚਨਾ ਕਰਦੇ ਹਨ—

(ੳ) ਵਿਸਰੁ ਨਾਹੀ ਦਾਤਾਰ ਆਪਣਾ ਨਾਮ ਦੇਹੁ ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥ (੭੬੧-੬੨)

(ਅ) ਇਕੁ ਤਿਲੁ ਪ੍ਰਭੂ ਨ ਵੀਸਰੈ, ਜਿਨਿ ਸਭੁ ਕਿਛੁ ਦੀਨ ਰਾਮ ॥ (੮੪੮)

(ੲ) ਤੂੰ ਵਿਸਰਹਿ ਤਾਂ ਸਭੁ ਕੋ ਲਾਗੂ, ਚੀਤਿ ਆਵਹਿ ਤਾਂ ਸੇਵਾ ॥ (੩੮੩)

(ਸ) ਕੀ ਵੀਸਰਹਿ ਦੁਖੁ ਬਹੁਤਾ ਲਾਗੈ ॥੧॥
ਦੁਖ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ॥ (੩੫੪-੫੫)

ਪ੍ਰਭੂ-ਨਾਮ ਦੀ ਜਾਚਨਾ ਕਰਦੇ ਕਰਦੇ, ਫਿਰ ਉਨ੍ਹਾਂ ਦੀ ਤੀਬਰ ਲੋਚਾ ਇਹੋ ਹੁੰਦੀ ਹੈ ਕਿ ਉਹ ਗੋਪਾਲ ਪ੍ਰਭੂ, ਪ੍ਰੀਤਮ ਪਿਆਰਾ ਉਨ੍ਹਾਂ ਦੇ ਅੰਤਰ-ਆਤਮੇ, ਉਨ੍ਹਾਂ ਦੇ ਧੁਰ ਅੰਦਰ, ਉਨ੍ਹਾਂ ਦੀ ਸੇਜਾ ਤੇ ਟਿਕ ਜਾਵੇ, ਜਿਸ ਦੇ ਸੰਗ ਸਾਥ ਉਹ ਅਨਦ-ਬਿਨੋਦੀ ਰੰਗ-ਰਸ ਮਾਣਦੇ ਹੋਏ ਵਿਗਸਦੇ ਰਹਿਣ। ਉਨ੍ਹਾਂ ਦੇ ਅੰਮ੍ਰਿਤ-ਭਿੰਨੇ ਨੇਤਰ, ਪ੍ਰਭੂ-ਦਰਸ ਦੇ ਪਿਆਸੇ ਹੋਏ ਇਉਂ ਹੀ ਗਾਉਂਦੇ ਹਨ—

(ੳ) ਨੇਤ੍ਰ ਪੁਨੀਤ ਭਏ ਦਰਸ ਪੇਖੇ, ਮਾਥੈ ਪਰਉ ਰਵਾਲ ॥
ਰਸਿ ਰਸਿ ਗੁਣ ਗਾਵਉ ਠਾਕੁਰ ਕੇ, ਮੋਰੈ ਹਿਰਦੈ ਬਸਹੁ ਗੁਪਾਲ ॥੧॥ (੬੮੦)

(ਅ) ਕਰਿ ਕਿਰਪਾ ਵਸਹੁ ਮੇਰੈ ਹਿਰਦੈ, ਹੋਇ ਸਹਾਈ ਆਪਿ ॥੧॥ਰਹਾਉ॥ (੪੦੫-੦੬)

(ੲ) ਤੂੰ ਦਾਤਾ ਜੀਆ ਸਭਨਾ ਕਾ, ਬਸਹੁ ਮੇਰੇ ਮਨ ਮਾਹੀ ॥
ਚਰਣ ਕਮਲ ਰਿਦ ਮਾਹਿ ਸਮਾਏ, ਤਹ ਭਰਮੁ ਅੰਧੇਰਾ ਨਾਹੀ ॥੧॥ (੪੯੯-੫੦੦)

(ਸ) ਦਇਆ ਕਰਹੁ ਬਸਹੁ ਮਨਿ ਆਇ ॥ ਮੋਹਿ ਨਿਰਗੁਨ ਲੀਜੈ ਲੜਿ ਲਾਇ ॥੧॥ਰਹਾਉ॥

ਇਸ ਤਰ੍ਹਾਂ 'ਸਤਿ' ਦੇ ਇਛਕ ਸਤਿ-ਪੁਰਖਾਂ ਦੀ ਸੰਗਤ ਨੂੰ ਹੀ ਸਤਸੰਗਤਿ ਕਿਹਾ ਜਾ ਸਕਦਾ ਹੈ।



www.AKJ.Org

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਹੁਕਮਾਂ ਸਿਰ ਹੁਕਮ ਸਿਖ ਨੂੰ ਇਹੋ ਬੁਝਾਇਆ ਤੇ ਦ੍ਰਿੜ੍ਹਾਇਆ ਹੈ ਕਿ 'ਸਤਸੰਗਤਿ' ਕੇਵਲ ਉਥੇ ਹੀ ਹੋ ਸਕਦੀ ਹੈ ਜਿਥੇ ਕੇਵਲ ਪ੍ਰਭੂ ਦਾ ਨਾਮ ਹੀ ਵਖਾਣਿਆ ਜਾਂਦਾ ਹੈ—

(ੳ) ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ (੭੨)

(ਅ) ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ ॥੧॥ (੧੧੩੫)

(ੲ) ਸਤਸੰਗਤਿ ਮੇਲਾਪੁ ਜਿਥੇ ਹਰਿ ਗੁਣ ਸਦਾ ਵਖਾਣੀਐ ॥੪॥ (੧੨੮੦)

(ਸ) ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ, ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥੩॥ (੪੪੬)

(ਹ) ਸਤਸੰਗਤਿ ਮਹਿ ਹਰਿ ਹਰਿ ਵਸਿਆ, ਮਿਲਿ ਸੰਗਤਿ ਹਰਿ ਗੁਨ ਜਾਨ ॥
ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥ (੧੩੩੫)

ਹਾਂ ਜੀ, ਸਤਸੰਗਤਿ ਵਿਚ ਹਰੀ ਵਸਦਾ ਹੈ ਅਤੇ ਐਸੀ ਸੰਗਤ ਵਿਚ ਹੀ ਹਰੀ ਦੇ ਗੁਣ ਕਥੇ ਵਖਾਣੇ ਜਾਂਦੇ ਹਨ। ਪਰ ਸੱਚੇ-ਨਾਮ-ਨੂੰ ਵਖਾਨਣ ਵਾਲੀ ਅਜਿਹੀ ਸੰਗਤ ਪੂਰਬਲੇ ਭਾਗਾਂ ਅਨੁਸਾਰ ਭਗਵਾਨ ਸਰੂਪ ਗੁਰੂ ਸਤਿਗੁਰੂ ਨੂੰ ਪਰਸਿਆਂ ਹੀ ਪ੍ਰਾਪਤ ਹੁੰਦੀ ਹੈ, ਸਤਿਗੁਰੂ ਨੂੰ ਭੇਟਿਆਂ, ਭਾਵ ਸਤਿਗੁਰੂ ਤੋਂ ਦੀਖਿਅਤ ਹੋਇਆਂ ਹੀ ਉਪਲਭਦ ਹੁੰਦੀ ਹੈ। ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰ ਕੇ ਇਸ ਸੱਚੀ ਸੁੱਚੀ ਸੰਗਤ ਦੇ ਰੰਗ ਮਾਣੇ ਜਾ ਸਕਦੇ ਹਨ। ਗੁਰ ਹੁਕਮ ਹੈ—

(ੳ) ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥
ਗੁਰ ਪਰਸਾਦੀ ਘਟਿ ਚਾਨਣਾ ਆਨੇਰੁ ਗਵਾਇਆ ॥
ਲੋਹਾ ਪਾਰਸਿ ਭੇਟੀਐ ਕੰਚਨ ਹੋਇ ਆਇਆ ॥
ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ ॥੧੯॥ (੧੨੪੪-੪੫)

(ਅ) ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥੭॥ (੯੦੯)

(ੲ) ਸਤਸੰਗਤਿ ਮਿਲੁ ਭਜੁ ਰਾਮ ॥ ਬਡ ਹੋ ਹੋ ਭਾਗ ਮਥਾਮ ॥੧॥ਰਹਾਉ॥ (੧੨੯੭)

(ਸ) ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥
ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥ (੬੯੮)

(ਹ) ਸਤਸੰਗਤਿ ਮਿਲੈ ਵਡਭਾਗਿ ਤਾਂ ਹਰਿ ਰਸੁ ਆਵਏ ਜੀਉ ॥੩॥ (੬੯੦)

ਸਤਸੰਗਤਿ ਸਤਿਗੁਰੂ ਦੀ ਚਟਸਾਲ ਹੈ, ਪਾਠਸ਼ਾਲਾ ਹੈ, ਜਿਥੋਂ ਚਾਟੜਿਆਂ ਨੂੰ, ਵਿਦਿਆਰਥੀਆਂ ਨੂੰ, ਪ੍ਰਮਾਰਥ ਦੇ ਪਾਂਧੀਆਂ ਨੂੰ ਸੱਚੀ ਸੁਚੀ ਸਿਖਿਆ ਮਿਲਦੀ ਹੈ। ਅਤੇ ਉਹ ਸਿਖਿਆ ਹੈ ਨਾਮ ਜਪਣਾ, ਨਾਮ ਅਰਾਧਣਾ, ਨਾਮ ਨੂੰ ਹਿਰਦੇ ਅੰਦਰ ਵਸਾਉਣਾ। ਅਜਿਹੀ ਸੰਗਤ ਵਿਚ ਹੀ ਗੁਰਸਿਖਾਂ ਨੇ ਜੁੜਨਾ ਹੈ—

(ੳ) ਸਤਸੰਗਤਿ ਸਤਿਗੁਰ ਚਟਸਾਲ ਹੈ, ਜਿਤੁ ਹਰਿ ਗੁਣ ਸਿਖਾ ॥੮॥ (੧੩੧੬)

(ਅ) ਸਤਸੰਗਤਿ ਗੁਰ ਕੀ ਹਰਿ ਪਿਆਰੀ, ਜਿਨ ਹਰਿ ਹਰਿ ਨਾਮੁ ਮੀਠਾ ਭਾਇਆ ॥੩॥ (੪੯੪)

(ੲ) ਸਤਸੰਗਤਿ ਮਹਿ ਨਾਮੁ ਹਰਿ ਉਪਜੈ, ਜਾ ਸਤਿਗੁਰੁ ਮਿਲੈ ਸੁਭਾਇ ॥੭॥ (੬੭੮)

(ਸ) ਸਤਸੰਗਤਿ ਮਹਿ ਹਰਿ ਉਸਤਤਿ ਹੈ, ਮਿਲਿ ਸਾਧੂ ਮਿਲੇ ਪਿਆਰਿਆ ॥੨੦॥ (੩੧੩)

(ਹ) ਸਤਸੰਗਤਿ ਸਤਿਗੁਰੂ ਸੇਵਦੇ, ਹਰਿ ਮੇਲੇ ਗੁਰੁ ਮੇਲਾਇ ॥੨੭॥ (੧੪੨੪)

(ਕ) ਸਤਸੰਗਤਿ ਊਤਮ ਸਤਿਗੁਰੂ ਕੇਰੀ, ਗੁਨ ਗਾਵੈ ਹਰਿ ਪ੍ਰਭ ਕੇ ॥
ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ ॥੨॥ (੭੩੧)

ਅਜਿਹੀ ਸੰਗਤ ਵਿਚ ਹੀ ਜੁੜ ਬੈਠਣ ਲਈ ਗੁਰਬਾਣੀ ਬਾਰ ਬਾਰ ਪ੍ਰੇਰਨਾ ਦਿੰਦੀ ਹੈ—



www.AKJ.Org

(ੳ) ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥੪॥ (੫੮੭)
(ਅ) ਸਤਸੰਗਤਿ ਹਰਿ ਮੇਲਿ ਪ੍ਰਭ, ਹਰਿ ਨਾਮੁ ਵਸੈ ਮਨਿ ਆਇ ॥੪੦॥ (੧੪੧੭)
(ੲ) ਸਤਸੰਗਤਿ ਮੇਲਾਇ ਪ੍ਰਭ, ਹਰਿ ਹਿਰਦੈ ਹਰਿ ਗੁਣ ਸਾਰਿ ॥੧॥ਰਹਾਉ॥ (੨੩੩)
(ਸ) ਸਤਸੰਗਤਿ ਬਹਿ ਭਾਉ ਕਰਿ, ਸਦਾ ਹਰਿ ਕੇ ਗੁਣ ਗਾਇ ॥੨॥ (੮੪੯)
(ਹ) ਸਤਸੰਗਤੀ ਸਦਾ ਮਿਲਿ ਰਹੇ, ਸਚੇ ਕੇ ਗੁਣ ਸਾਰਿ ॥੧॥ (੩੫)

ਸਤਿਗੁਰੂ ਦੀ ਹਜ਼ੂਰੀ ਵਿਚ ਸਤ ਪੁਰਸ਼ਾਂ, ਨਾਮ ਰਸੀਆਂ ਦੀ ਜੁੜੀ ਸੰਗਤ ਇਸੇ ਕਰਕੇ ਧੰਨਤਾ ਯੋਗ ਹੈ ਕਿ ਉਥੇ ਹਰੀ ਨਾਮ ਦੇ ਗੁਣ ਉਚਾਰੇ ਜਾਂਦੇ ਹਨ ਅਤੇ ਹਰਿ ਨਾਮ ਧਨ ਦਾ ਸੱਚਾ ਲਾਹਾ ਖਟਿਆ ਜਾਂਦਾ ਹੈ। ਗੁਰ ਹੁਕਮ ਹੈ :—

(ੳ) ਸਤਸੰਗਤਿ ਸਤਿਗੁਰ ਧੰਨੁ ਧੰਨੋ ਧੰਨ ਧੰਨ ਧੰਨੋ
ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥੧॥ (੧੩੧੩)
(ਅ) ਸਤਸੰਗਤੀ ਸੰਗਿ ਹਰਿ ਧਨੁ ਖਟੀਐ, ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥੨॥ (੭੩੪)

ਸਾਧੂ, ਸੰਤ ਜਨਾਂ, ਨਾਮ ਦੇ ਵਪਾਰੀਆਂ ਦੀ ਸੰਗਤ ਹੀ ਹੈ, ਜਿਸ ਨਾਲ ਮਿਲ ਕੇ ਜਨਮ-ਜਨਮਾਂਤਰਾਂ ਦੇ ਪਾਪ ਕਟੇ ਜਾਂਦੇ ਹਨ, ਚਉਰਾਸੀਹ ਵਿਚ ਭਟਕਣਾ, ਮੁੜ ਜੰਮਣਾ ਮਰਨਾ ਮਿਟ ਜਾਂਦਾ ਹੈ, ਖੋਟੀ ਮਤ ਦਾ ਨਾਸ ਹੋ ਜਾਂਦਾ ਹੈ ਅਤੇ ਗੁਰੂ ਚਰਨਾਂ ਵਿਚ ਜੁੜਨ ਲਈ ਲਗਨ ਉਪਜਦੀ ਹੈ, ਸੱਚੀ ਦ੍ਰਿੜ੍ਹਤਾ ਆਉਂਦੀ ਹੈ, ਜਿਸ ਕਰਕੇ ਪਾਰ-ਉਤਾਰ ਹੋ ਸਕਦਾ ਹੈ। ਗੁਰਵਾਕ—

(ੳ) ਸਤਸੰਗਤਿ ਮਿਲੈ ਤ ਦਿੜਤਾ ਆਵੈ, ਹਰਿ ਰਾਮ ਨਾਮਿ ਨਿਸਤਾਰੇ ॥੩॥ (੯੮੧)
(ਅ) ਸਤਸੰਗਤਿ ਸਿਉ ਮੇਲਾਪੁ ਹੋਇ
ਲਿਵ ਕਟੋਰੀ ਅੰਮ੍ਰਿਤ ਭਰੀ, ਪੀ ਪੀ ਕਟਹਿ ਬਿਕਾਰ ॥੩॥੧੨॥ (੫੫੩)
(ੲ) ਵਡਭਾਗੀ ਸਾਧ ਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥
ਤਿਨ ਕੀ ਧੂਰਿ ਨਾਨਕੁ ਦਾਸੁ ਬਾਂਛੈ, ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥ (੬੧੮)

ਸੋ ਲੋਕ ਪਰਲੋਕ ਵਿਚ ਸਹਾਇਤਾ ਕਰਨ ਵਾਲਾ ਅਤੇ ਸਦਾ ਸਾਥ ਨਿਭਣ ਵਾਲਾ ਕੇਵਲ ਹਰਿ ਨਾਮ ਹੀ ਹੈ, ਤਾਂ ਤੇ ਸਾਧੂ ਜਨਾਂ ਦੀ ਸੰਗਤ ਨਾਲ ਮਿਲ ਕੇ ਪ੍ਰਭੂ ਦੇ ਗੁਣ ਗਾਣੇ ਚਾਹੀਦੇ ਹਨ—

ਸਤਸੰਗਤਿ ਲਗਿ ਹਰਿ ਧਿਆਈਐ, ਹਰਿ ਹਰਿ ਚਲੈ ਤੇਰੈ ਨਾਲਿ ॥੩॥ (੨੩੪)

## ( ੩ )

ਗੁਰੂ ਪਾਤਸ਼ਾਹ ਮਨੁਖ ਮਾਤਰ ਨੂੰ ਸੁਚੇਤ ਕਰਦੇ ਹਨ ਕਿ ਜਿਹੜੇ ਪ੍ਰਾਣੀ ਸਾਧ ਸੰਗਤ ਵਿਚ ਮਿਲ ਕੇ ਹਰੀ ਨਾਮ ਦਾ ਸਿਮਰਨ ਨਹੀਂ ਕਰਦੇ, ਉਹ ਪਸ਼ੂ ਸਮਾਨ ਹਨ, ਕਿਉਂਕਿ ਉਹ ਅਕ੍ਰਿਤਘਣ ਆਪਣੇ ਕਰਤਾਰ ਪ੍ਰਭੂ ਦੀਆਂ ਬਖਸ਼ਸ਼ਾਂ ਦੀ ਸਾਰ ਨਹੀਂ ਜਾਣਦੇ, ਉਹ ਪੁਰਸ਼ ਚੋਰਾਂ ਸਮਾਨ ਹਨ ਅਤੇ ਅੰਤ ਨੂੰ ਉਨ੍ਹਾਂ ਦੇ ਬੁਰੇ ਹਾਲ ਹੋਣੇ ਹਨ। ਗੁਰਵਾਕ—

(ੳ) ਹਰਿ ਨਾਮੁ ਨ ਸਿਮਰਹਿ ਸਾਧ ਸੰਗਿ ਤੈ ਤਨਿ ਉਡੈ ਖੇਹ ॥੧॥੧੪॥ (੫੫੩)
(ਅ) ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥
ਜਿਨ੍ਹ ਕੀਤੇ ਤਿਸੈ ਨ ਜਾਣਨ੍ਹੀ, ਬਿਨੁ ਨਾਵੈ ਸਭਿ ਚੋਰ ॥੬॥੩੧॥ (੪੨੭)

ਜਿਹੜੇ ਪੁਰਖ ਸਤਿਗੁਰੂ ਦੇ ਸਨਮੁਖ ਨਹੀਂ ਹੁੰਦੇ, ਸਤਿਗੁਰੂ ਨੂੰ ਨਹੀਂ ਭੇਟਦੇ, ਸਤਿਗੁਰੂ ਤੋਂ ਗੁਰ-ਦੀਖਿਆ ਨਹੀਂ ਲੈਂਦੇ, ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਨਾਮ ਧਨ ਦਾ ਵਣਜ ਨਹੀਂ ਕਰਦੇ, ਨਾਮ ਧਨ ਦੀਆਂ ਅਤੁਟ ਕਮਾਈਆਂ ਨਹੀਂ ਕਰਦੇ, ਉਹ ਪੁਰਸ਼ ਆਪਣਾ ਦਿਵਾਲਾ ਆਪ ਕਢਦੇ ਹਨ, ਉਹ ਮੰਗਤੇ ਬਣ ਕੇ ਦਰ ਦਰ ਤੇ ਰੁਲਦੇ ਹਨ ਅਤੇ ਕੋਈ ਉਨ੍ਹਾਂ ਦੀ ਵਾਤ ਨਹੀਂ ਪੁਛਦਾ—



www.AKJ.Org

ਜਿਨ੍ਹੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ ਸੇ ਦੇਵਾਲੀਏ ਜੁਗ ਮਾਹਿ ॥
ਓਇ ਮੰਗਦੇ ਫਿਰਹਿ ਸਭ ਜਗਤ ਮਹਿ, ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥੮॥ (੮੫੨)

ਉਪਰੋਕਤ ਗੁਰ-ਫ਼ੁਰਮਾਨਾਂ ਤੇ ਕਈ ਅਸ਼ਰਧਕ ਲੋਕ ਕਈ ਤਰ੍ਹਾਂ ਦੇ ਕਿੰਤੂ ਕਰਦੇ ਫਿਰਦੇ ਹਨ, ਪਰ ਗੁਰੂ ਕੇ ਸਿਖ ਪੂਰਨ ਸ਼ਰਧਾ ਸਹਿਤ ਇਨ੍ਹਾਂ ਨੂੰ ਸਤਿ ਸਤਿ ਕਰ ਮੰਨਦੇ ਹਨ ਕਿ 'ਕਰਤੇ ਕੀਆਂ ਬਾਤਾਂ' ਅਵੱਸ਼ ਹੋ ਕੇ ਰਹਿੰਦੀਆਂ ਹਨ। ਅਤੇ ਜੀਵ ਨੂੰ ਆਪਣੇ ਕੀਤੇ ਕਰਮਾਂ ਦੇ ਲੇਖੇ ਜਨਮਾਂ-ਜਨਮਾਂਤਰਾਂ ਦੇ ਨਿਬੇੜਨੇ ਪੈਂਦੇ ਹਨ।

ਤਾਂ ਤੇ ਆਓ ਗੁਰੂ ਕੇ ਲਾਲੋ, ਗੁਰਸਿਖੋ, ਗੁਰੂ ਕੀ ਦਸੀ ਕਾਰ ਕਮਾਈਏ ਅਤੇ ਸਤਸੰਗਤਿ ਵਿਚ ਜੁੜ ਕੇ ਦਿਨ ਰਾਤ ਨਾਮ ਜਪਦੇ ਜਪਦੇ ਨਾਮੀ ਵਿਚ ਲੀਨ ਹੋ ਜਾਈਏ—

(ੳ) ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ ॥
ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥੨॥ (੬੪੩)

(ਅ) ਸਤਸੰਗਤਿ ਸਤਿਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥ ਰਹਾਉ ॥ (੨੨)

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਇਸ ਮਹੀਨੇ ਹੇਠ ਲਿਖੀ ਸਹਾਇਤਾ ਪੁਜੀ ਹੈ :—

| | | | |
|---|---|---|---|
| ਸ: ਮੋਹਨ ਸਿੰਘ ਕਸਥਾਨ ਸਰਾਈਆਂ ਯੂ. ਪੀ. | ੨੫-੦੦ | ਗੁਪਤ, ਦਸੂਹਾ | ੨੫੦-੦੦ |
| ਗੁਪਤ ਪ੍ਰੇਮੀ ਤੋਂ ਮਨੀਆਰਡਰ | ੨੫੦-੦੦ | ਗੁਪਤ ,, | ੫੦-੦੦ |
| ਸ: ਗੁਰਚਰਨ ਸਿੰਘ, ਸਟੇਵਲੀ ਰੋਡ, ਪੂਨਾ | ੩੦੦-੦੦ | ਬੀਬੀ ਪ੍ਰਭਜੋਤ ਕੌਰ ਸੁਪਤਨੀ ਸੁਰਗੀ ਇੰਦਰਜੀਤ ਸਿੰਘ ਦਸੂਹਾ | ੧੦੦-੦੦ |
| ਸ: ਉਪਿੰਦਰ ਸਿੰਘ, ਕਾਲਾ ਨੰਗਲ | ੨੨੧-੦੦ | | |
| ਭਾ: ਹਰਜੀਤ ਸਿੰਘ, ਰਾਜਿੰਦਰ ਸਿੰਘ, ਜਸਬੀਰ ਸਿੰਘ | | ਸ: ਬਲਕਾਰ ਸਿੰਘ ਆੜ੍ਹਤੀ,ਕੱਕੜ (ਅੰ:) | ੨੦੦-੦੦ |
| ਸਪੁਤ੍ਰ ਸੁਰਗੀ ਭਾ: ਭਗਤ ਸਿੰਘ ਨਵੀਂ ਦਿੱਲੀ | ੧੦੦੦-੦੦ | ਸ੍ਰੀ ਬੂਟਾ ਮਲ ਮਨਮੋਹਣ ਆੜ੍ਹਤੀ ,, ,, | ੨੦੦-੦੦ |
| ਸ: ਪ੍ਰਦੁਮਨ ਸਿੰਘ, ਜਲੰਧਰ | ੧੦੦-੦੦ | ਭਾ: ਬਿਸ਼ਨ ਸਿੰਘ ਹਡਰਫ਼ੀਲਡ ਯੂ ਕੇ. | ੪੫੨੧-੪੦ |
| ਸ: ਹਰਭਜਨ ਸਿੰਘ ਭਾਟੀਆ ਨਵੀਂ ਦਿਲੀ | ੧੦੦-੦੦ | ਭਾਈ ਕਰਨੈਲ ਸਿੰਘ ,, ,, | ੪੫੨੧-੬੫ |
| ਸ: ਰਜਿੰਦਰ ਸਿੰਘ, ਸਨਫ਼ਰਾਂਸਿਸਕੋ ਅਮ੍ਰੀਕਾ | ੮੪੮-੪੫ | ਗੁਪਤ | ੫੦-੦੦ |
| ਮੇਜਰ ਨਰਿੰਦਰ ਸਿੰਘ ਫੂਲ, ਮੇਰਠ ਛਾ: | ੪੯੨-੦੦ | ਗੁਪਤ | ੧੫੦੦-੦੦ |
| ਗੁਪਤ | ੨੦੦-੦੦ | ਸ: ਮਹਿਤਾਬ ਸਿੰਘ ਬੀ: ਦਲਜੀਤ ਕੌਰ ਅੰਮ੍ਰਿਤਸਰ (ਬੱਚੀ ਦੇ ਅਨੰਦ ਸਮੇਂ) | ੫੦੦-੦੦ |
| ਬੀਬੀ ਕਿਰਨਦੀਪ ਕੌਰ, ਚਕੇਰੀ, ਕਾਨਪੁਰ | ੧੦੦੦-੦੦ | ਸ: ਅਵਤਾਰਸਿੰਘ ਫ਼ਰਾਕਾ,ਤਰਨ ਤਾਰਨ | ੧੨੫੦-੦੦ |

## ਪੀੜਤ ਪਰਵਾਰਾਂ ਨੂੰ ਸਹਾਇਤਾ

ਐਤਕੀਂ ਪੀੜਤ ਪਰਵਾਰਾਂ ਨੂੰ ਲੋੜ ਅਨੁਸਾਰ ਸਹਾਇਤਾ ਦਿਤੀ ਗਈ ਤੇ ਦਿਤੀ ਜਾ ਰਹੀ ਹੈ—

| | |
|---|---|
| ਭਾਈ ਰਾਮ ਸਿੰਘ ਖ਼ਾਲਸਾ ਅਜਨਾਲਾ | ੫੦੦-੦੦ |
| ਸ੍ਰੀਮਤੀ ਦਲਜੀਤ ਕੌਰ ਸੁਪਤਨੀ ਭਾਈ ਹਜ਼ੂਰਾ ਸਿੰਘ, ਗੁਰਦਾਸਪੁਰ | ੧੦,੦੦੦-੦੦ |
| ਬੀਬੀ ਮਨਜੀਤ ਕੌਰ ਨਾਗੋਕੇ (ਦਵਾਈਆਂ ਲਈ) | ੪੦੦-੦੦ |
| ਬੀਬੀ ਜਸ ਕੌਰ ਸੁਪਤਨੀ ਸ਼ਹੀਦ ਕੁਲਵੰਤ ਸਿੰਘ ਜੀ ਨਾਗੋਕੇ | ੩੦੦੦-੦੦ |
| ਬੀਬੀ ਅਜੀਤ ਕੌਰ ਸੁਪਤਨੀ ਸ਼ਹੀਦ ਸੁਰਿੰਦਰ ਸਿੰਘ ਜੀ ਨਾਗੋਕੇ | ੩੦੦੦-੦੦ |
| ਸ਼ਹੀਦ ਲਖਾ ਸਿੰਘ ਜੀ ਨਾਗੋਕੇ ਦੇ ਪਰਵਾਰ ਲਈ | ੩੦੦੦-੦੦ |

ਅੰਤਲੇ ਤਿੰਨੇ ਰਕਮਾਂ ਹੁਡਰਫ਼ੀਲਡ ਇੰਗਲੈਂਡ ਦੇ ਸਿੰਘਾਂ ਵਲੋਂ ਹਨ, ਇਹ ਪਰਵਾਰ ਰਕਮਾਂ ਮੰਗਵਾ ਲੈਣ।

ਸੁਧਾਈ—ਮਈ ਸੂਰਾ ਪੀੜਤ ਪਰਵਾਰ ਸਹਾਇਤਾ ਦਿਤੀ ਬੀਬੀ ਮਹਿੰਦਰ ਕੌਰ ਪਤਨੀ ਭਾ: ਫ਼ੌਜਾ ਸਿੰਘ ਰੂਸਿਕਾ (ਜੁਗਿੰਦਰ ਕੌਰ ਨਾਂ ਗ਼ਲਤ ਹੈ)

ਖ਼ਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮ੍ਰਿਤਸਰ



www.AKJ.Org

## ਨੈਨੀਤਾਲ (ਯੂ. ਪੀ.) ਵਿਖੇ ਸ਼ਹੀਦੀ ਪੁਰਬ ਤੇ ਅਖੰਡ ਕੀਰਤਨ ਸਮਾਗਮ

ਨੌਜਵਾਨ ਅਖੰਡ ਕੀਰਤਨੀ ਜਥਾ ਬਰੇਲੀ ਵਲੋਂ ਗੁ: ਸ੍ਰੀ ਗੁਰੂ ਸਿੰਘ ਸਭਾ ਨੈਨੀਤਾਲ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਹੇਠ ਲਿਖੇ ਅਨੁਸਾਰ ਮਨਾਏ ਜਾ ਰਹੇ ਹਨ। ਬਰੇਲੀ ਤੋਂ ੯ ਜੂਨ ਦੁਪਹਿਰ ਦੋ ਵਜੇ ਚਾਲੇ।

੧੦ ਜੂਨ ਸਵੇਰੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ, ਸ਼ਾਮ ੭ ਤੋਂ ੯-੩੦ ਸੋਦਰ ਦੀ ਚੌਂਕੀ। ੧੧ ਜੂਨ ਸਵੇਰੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ, ਦੁਪਹਿਰ ਨੂੰ ਬਰੇਲੀ ਨੂੰ ਵਾਪਸੀ।

ਨੋਟ :—ਕੀਰਤਨ ਦੇ ਸਮੇਂ ਵਿਚ ਪ੍ਰਬੰਧਕਾਂ ਅਨੁਸਾਰ ਤਬਦੀਲੀ ਹੋ ਸਕਦੀ ਹੈ। ਰਿਹਾਇਸ਼ ਸਿੰਘ ਸਭਾ ਵਿਖੇ ਹੀ। ਪੁਛ ਗਿਛ: ਭਾ: ਸੁਰਿੰਦਰ ਸਿੰਘ C/O ਦਸਮੇਸ਼ ਬਿਸਕੁਟ ਬੇਕਰੀ,ਕੋਹਾੜਾ ਪੀਰ, ਨੈਨੀਤਾਲ ਰੋਡ,ਬਰੇਲੀ ਫ਼ੋਨ ੭੫੫੦੭ P.P.

## ਗੁਰਦਵਾਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਤੇ ਧਾਰਮਿਕ ਇਨਾਮ

ਪਿਛਲੇ ਸਾਲ ਵਾਂਗ ੬ ਤੋਂ ੧੩ ਜੁਲਾਈ ੧੯੮੬ ਐਤਵਾਰ ਤਕ ਪ੍ਰੋਗਰਾਮ ਹੋ ਰਹੇ ਹਨ। ਸਵੇਰੇ ੨ ਵਜੇ ਇਸ਼ਨਾਨ ਤੇ ਨਿਤਨੇਮ, ਉਪਰੰਤ ਗੁਰੂ ਮਹਾਰਾਜ ਦਾ ਪ੍ਰਕਾਸ਼, ਨਾਮ ਅਭਿਆਸ, ਕੀਰਤਨ, ਹੁਕਮਨਾਮੇ ਦੀ ਵੀਚਾਰ, ਸੁਖਮਨੀ ਸੰਗਤੀ ਪਾਠ, ਅਲਪ ਅਹਾਰ ਤੇ ਅਲਪ ਅਰਾਮ ਕਰ ਕੇ ਸੋਦਰ ਆਰਤੀ ਰਾਤ ੮ ਵਜੇ ਤਕ। ਸ਼ਨੀਵਾਰ ੧੨ ਜੁਲਾਈ ਨੂੰ ਬੱਚਿਆਂ ਨੂੰ 'ਗੁਰਬਾਣੀ ਕੰਠ' ਮੁਕਾਬਲਿਆਂ ਵਿਚ ਤਿੰਨ ਵਖ ਵਖ ਦਰਜਿਆਂ ਦੇ ਇਨਾਮ ਵੰਡੇ ਜਾਣਗੇ।

ਨੋਟ :—(੧) ਲੋੜ ਅਨੁਸਾਰ ਬਿਸਤਰੇ ਲਿਆਓ ਜੀ। (੨) ਅੰਮ੍ਰਿਤ ਸੰਚਾਰ ੧੨ ਜੁਲਾਈ ਸ਼ਨੀਵਾਰ ਨੂੰ ਹੋਵੇਗਾ। (੩) ਇਕਾਂਤ ਭੰਗ ਕਰਨ ਵਾਲੇ ਬੱਚੇ ਨਾ ਲਿਆਓ ਜੀ। (੪) ਇਹ ਅਸਥਾਨ ਹੁਸ਼ਿਆਰਪੁਰ-ਦਸੂਹਾ ਰੋਡ ਤੇ ਹੈ।

ਦਾਸਨ ਦਾਸ —ਸੇਵਾ ਸਿੰਘ (ਮੁਖੀ) ਗੁਰਦਵਾਰਾ ਰਾਮਪੁਰ ਖੇੜਾ, ਨੇੜੇ ਗੜ੍ਹ ਦੀਵਾਲਾ (ਹੁਸ਼ਿਆਰਪੁਰ)

## ਪਿੰਡ ਢੰਡੋਵਾਲ ਡਾਕਖਾਨਾ ਸ਼ਾਹ ਕੋਟ (ਜਲੰਧਰ) ਵਿਖੇ ਵਿਛੜੇ ਬੱਚੇ ਦੀ ਯਾਦ ਵਿਚ ਸਮਾਗਮ

ਭਾਈ ਗੁਰਬਖਸ ਸਿੰਘ ਜੀ ਬਿਬੇਕੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਨੌਨਿਹਾਲ ਗੁਰਚਰਨ ਜੀਤ ਸਿਘ ਜੀ ਯਾਦ ਵਿਚ ਬੱਚੇ ਦੇ ਨਾਨਾ ਜੀ ਸ: ਨੰਦ ਸਿੰਘ ਦੇ ਗ੍ਰਹਿ ਪਿੰਡ ਢੰਡੋਵਾਲ ਵਿਖੇ ੧੩ ਜੁਲਾਈ ਐਤਵਾਰ ਨੂੰ ਪਾਠ ਦੇ ਭੋਗ ਪੈਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

## ਪਿੰਡ ਰੋੜਾ ਵਿਖੇ ਅਖੰਡ ਕੀਰਤਨੀ ਜਥਾ ਖਰੜ ਵਲੋਂ ਮਾਸਕ ਰੈਣ ਸਬਾਈ ਕੀਰਤਨ

ਭਾਈ ਗੁਰਚਰਨ ਸਿੰਘ ਖ਼ਾਲਸਾ ਮੁੰਡੀ-ਖਰੜ ਸੂਚਨਾ ਦੇਂਦੇ ਹਨ ਕਿ ੨੧ ਜੂਨ ਸ਼ਨੀਵਾਰ ਰਾਤ ਨੂੰ ਕੀਰਤਨ ਹੋ ਰਹੇ ਹਨ। ਰੋੜਾ ਪਿੰਡ ਖਰੜ ਤੋਂ ੮ ਕਿਲੋਮੀਟਰ ਰੰਧਾਵਾ ਰੋਡ ਤੇ ਹੈ। ਖਰੜ ਤੋਂ ਸ਼ਾਮ ਸਤ ਵਜੇ ਸੰਗਤਾਂ ਲਈ ਟਰਾਲੀ ਚਲੇਗੀ।

## ਜਗਾਧਰੀ ਗੁ: ਸਿੰਘ ਸਭਾ (ਲੁਹਾਰਾਨ ਮਹੱਲਾ) ਵਿਖੇ ਸਾਲਾਨਾ ਰੈਣ ਸਬਾਈ

ਭਾਈ ਦਵਿੰਦਰ ਸਿੰਘ ਖ਼ਾਲਸਾ ਸੂਚਤ ਕਰਦੇ ਹਨ ਕਿ ੨੧ ਜੂਨ ਸ਼ਨੀਵਾਰ ਰਾਤ ਨੂੰ ਅਖੰਡ ਕੀਰਤਨੀ ਜਥਿਆਂ ਵਲੋਂ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਬਾਊ ਮੱਲ ਸਿੰਘ ਜੀ ਦੀ ਸਾਲਾਨਾ ਬਰਸੀ ਤਰਨ ਤਾਰਨ ਸਾਹਿਬ ਵਿਖੇ

ਸ੍ਰੀ ਮਾਨ ਬਾਊ ਮੱਲ ਸਿੰਘ ਜੀ ਦੀ ਸਾਲਾਨਾ ਬਰਸੀ ਉਨ੍ਹਾਂ ਦੇ ਪਰਵਾਰ ਤੇ ਸੰਗਤਾਂ ਵਲੋਂ, ਉਨ੍ਹਾਂ ਦੇ ਗ੍ਰਹਿ ਪਲਾਸੌਰ ਰੋਡ, ਤਰਨ ਤਾਰਨ ਵਿਖੇ ੧੮-੧੯-੨੦ ਜੁਲਾਈ ਨੂੰ ਸ੍ਰੀ ਅਖੰਡਪਾਠ ਤੇ ਕੀਰਤਨ ਦੁਆਰਾ ਮਨਾਈ ਜਾ ਰਹੀ ਹੈ, ਦਰਸ਼ਨ ਦਿਓ ਜੀ।

## ਸ਼ਹੀਦ ਪਰਵਾਰਾਂ ਲਈ ਗੁਰਬਾਣੀ ਦੀਆਂ ਟੇਪਾਂ ਦੀ ਸੇਵਾ

ਭਾਈ ਜੀਵਨ ਸਿੰਘ ਜੀ ਕੀਰਤਨੀ ਵੀਰ ਸ਼ਹੀਦ ਪਰਵਾਰਾਂ ਨੂੰ ਬੇਨਤੀ ਕਰਦੇ ਹਨ ਕਿ ਗੁਰਬਾਣੀ ਦੀਆਂ ਟੇਪਾਂ ਦੀ ਸੇਵਾ ਬਖਸ਼ੋ ਜੀ। ਇਛਾਵਾਨ ਪਰਵਾਰ ਇਸ ਸੰਬੰਧ ਵਿਚ ਹੇਠ ਲਿਖੇ ਪਤੇ ਤੇ ਚਿਠੀ ਲਿਖਣ। ਜਿਨ੍ਹਾਂ ਪਰਵਾਰਾਂ ਨੂੰ ਕਿਸੇ ਪੰਥਕ ਸੰਸਥਾ ਵਲੋਂ ਕੋਈ ਮਾਲੀ ਸਹਾਇਤਾ ਮਿਲੀ ਹੋਵੇ, ਉਹ ਸੰਬੰਧਤ ਚਿਠੀ ਦੀ ਫ਼ੋਟੋ-ਕਾਪੀ ਨਾਲ ਭੇਜਣ। ਜਿਨ੍ਹਾਂ ਪਾਸ ਟੇਪ-ਰੀਕਾਰਡ ਨਹੀਂ ਹਨ, ਉਨ੍ਹਾਂ ਨੂੰ ਟੇਪ-ਰੀਕਾਰਡਰ ਵੀ ਭੇਜਣ ਦਾ ਜਤਨ ਕੀਤਾ ਜਾਵੇਗਾ।

ਸ: ਅਮੀਰ ਸਿੰਘ, G-7, ਹਾਈ ਸਟਰੀਟ, ਪਲਾਜ਼ਾ, ਸਿੰਗਾਪੁਰ-੦੬੧੭

## ਡਾਕਟਰੀ ਸੇਵਾ ਦਾ ਅਵਸਰ ਬਖਸ਼ਣ

ਭਾਈ ਗਿਆਨ ਸਿੰਘ ਜੀ ਸਿੰਦਰੀ ਵਾਲੇ ਬੇਨਤੀ ਕਰਦੇ ਹਨ ਕਿ ਗੁਰਸਿਖਾਂ ਦੀਆਂ ਅਰਦਾਸਾਂ ਸਦਕਾ ਉਨ੍ਹਾਂ ਦੀ ਬੱਚੀ ਡਾਕਟਰ ਇੰਦਰਜੀਤ ਕੌਰ ਐਮ.ਐਸ.ਪਟਨਾ ਸਾਹਿਬ ਵਾਲੇ, ਜ਼ਨਾਨਾ ਹਸਪਤਾਲ ਢਾਬ ਖਟੀਕਾਂ (ਲੋਹਗੜ੍ਹ ਲਾਗੇ) ਅੰਮ੍ਰਿਤਸਰ ਵਿਚ ਮੈਡੀਕਲ ਸੁਪ੍ਰੰਟੈਂਡੰਟ ਲਗ ਗਏ ਹਨ। ਗੁਰਸਿਖ ਪਰਵਾਰ ਬੀਬੀਆਂ ਬੱਚਿਆਂ ਦੀ ਡਾਕਟਰੀ ਸੇਵਾ ਲਈ ਅਵਸਰ ਬਖਸ਼ਣ।

www.AKJ.Org

# ਹੁਸ਼ਿਆਰਪੁਰ ਸਾਲਾਨਾ ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ

## ੭ ਜੂਨ ਸ਼ਨੀਵਾਰ ਤੋਂ ੧੨ ਜੂਨ ੧੯੮੬ ਵੀਰਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਗੁ: ਕਲਗੀਧਰ ਚਰਨ ਪਾਵਨ, ਮਾਡਲ ਟਾਊਨ (ਰੋਸ਼ਨ ਗਰਾਊਂਡ ਨੇੜੇ, ਬਸ ਸਟੈਂਡ ਤੋਂ ਡੇਢ ਫ਼ਰਲਾਂਗ) ਹੁਸ਼ਿਆਰਪੁਰ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਲਾਹੇ ਪ੍ਰਾਪਤ ਕਰੋ ਜੀ।

| | | |
|---|---|---|
| ੭ ਜੂਨ ਸਵੇਰੇ ੫ ਤੋਂ ੮ | ਕੀਰਤਨ ਆਸਾ ਦੀ ਵਾਰ | ਗੁ: ਗੁਰੂ ਨਾਨਕ ਸਰ, ਫਗਵਾੜਾ ਰੋਡ, ਨੇੜੇ ਸਬਜ਼ੀ ਮੰਡੀ |
| ਸ਼ਾਮ ੭ ਤੋਂ ੯ | ਅਖੰਡ ਕੀਰਤਨ | ਗੁਰਦੁਆਰਾ ਰੇਲਵੇ ਮੰਡੀ |
| ੮ ਜੂਨ ਸਵੇਰੇ ੬ ਤੋਂ ੧੦ | ਕੀਰਤਨ ਆਸਾ ਦੀ ਵਾਰ | ਗ: ਡੇਰਾ ਹਰੀ ਭਗਤਪੁਰਾ, ਮਾਡਲ ਟਾਊਨ |
| ਸ਼ਾਮ ੭ ਤੋਂ ੯ | ਅਖੰਡ ਕੀਰਤਨ | ਗ੍ਰਿਹ ਭਾਈ ਦਲਜੀਤ ਸਿੰਘ, ੧੦੭-ਆਰ, ਮਾਡਲ ਟਾਊਨ |
| ੯ ਜੂਨ ਸਵੇਰੇ ੫ ਤੋਂ ੮ | ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ | ਗੁ: ਕਲਗੀਧਰ ਚਰਨ ਪਾਵਨ |
| ਸ਼ਾਮ ੭ ਤੋਂ ੯ | ਅਖੰਡ ਕੀਰਤਨ | ਗ੍ਰਿਹ ਡਾ:ਗਜਵਿੰਦਰਪਾਲ ਸਿੰਘ S/O ਸ:ਭਗਤ ਸਿੰਘ, ੯੯ ਮਾਡਲ ਟਾਊਨ |
| ੧੦ ਜੂਨ ਸਵੇਰੇ ੬ ਤੋਂ ੧੨ | ਅਖੰਡ ਕੀਰਤਨ | ਗੁਰਦੁਆਰਾ ਭਾਈ ਜੋਗਾ ਸਿੰਘ, ਮਹੱਲਾ ਸ਼ੇਖਾਂ |
| ਸ਼ਾਮ ੭ ਤੋਂ ੯ | ਅਖੰਡ ਕੀਰਤਨ | ਗ੍ਰਿਹ ਭਾਈ ਅਮਰਜੀਤ ਸਿੰਘ, ੧੦੬ ਐਲ, ਮਾਡਲ ਟਾਊਨ |
| ੧੧ ਜੂਨ ੬ ਵਜੇ | ਭੋਗ ਸ੍ਰੀ ਅਖੰਡਪਾਠ ਉਪਰੰਤ ਇਕ ਵਜੇ ਤਕ ਅਖੰਡ ਕੀਰਤਨ | ਗੁ: ਕਲਗੀਧਰ ਚਰਨ ਪਾਵਨ |

ਸ਼ਾਮ ੬ ਵਜੇ ਅੰਮਿਤ ਸਿੰਚਾਰ, ੭-੩੦ ਵਜੇ ਰੈਣ ਸਬਾਈ ਅਰੰਭ, ੧੨ ਜੂਨ ਸਵੇਰੇ ੬ ਵਜੇ ਸਮਾਪਤੀ

ਨੋਟ :—(੧) ਬਿਸਤਰੇ ਲੋੜ ਮੁਜਬ ਲੈ ਕੇ ਆਓ ਜੀ। (੨) ਆਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਨਾ ਭੇਜਣ।

ਪੁਛ ਗਿੱਛ—ਭਾਈ ਅਵਤਾਰ ਸਿੰਘ, ੧੬੮-ਆਰ, ਮਾਡਲ ਟਾਊਨ, ਹੁਸ਼ਿਆਰਪੁਰ
ਗੁਰੂ ਨਾਨਕ ਜਨਰਲ ਸਟੋਰ, ਸਾਹਮਣੇ ਬਸ ਸਟੈਂਡ, ਹੁਸ਼ਿਆਰਪੁਰ

ਪ੍ਰਾਰਥਕ ਦਾਸਰੇ
ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

## ਨਾਰੰਗਰਾਲ ਵਿਖੇ ਭਾਈ ਸਾਹਿਬ ਦੀ ਯਾਦ ਵਿਚ ਸਾਲਾਨਾ ਸਮਾਗਮ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ੧੦੯ਵਾਂ ਜਨਮ-ਸ਼ਤਾਬਦੀ ਸਮਾਗਮ ਉਨ੍ਹਾਂ ਦੇ ਨਿਜੀ ਅਸਥਾਨ ਨਾਰੰਗਵਾਲ (ਜ਼ਿਲਾ ਲੁਧਿਆਣਾ) ਵਿਖੇ ਇਲਾਕੇ ਦੀਆਂ ਸੰਗਤਾਂ ਤੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ—

੩ ਜੁਲਾਈ ਵੀਰਵਾਰ ਸਵੇਰੇ ੪ ਤੋਂ ੬ ਕੀਰਤਨ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁ: ਅਕਾਲੀਵਾਲਾ, ਸ਼ਾਮ ੭ ਤੋਂ ੯-੩੦ ਕੀਰਤਨ ਭਾਈ ਸਾਹਿਬ ਦੇ ਗ੍ਰਿਹ (ਜਨਮ-ਅਸਥਾਨ ਵਿਖੇ)। ੪ ਜੁਲਾਈ ਸਵੇਰੇ ੪ ਤੋਂ ੬ ਕੀਰਤਨ ਆਸਾ ਦੀ ਵਾਰ ਗੁ: ਅਕਾਲੀ ਵਾਲਾ, ਸ਼ਾਮ ੭ ਤੋਂ ੯-੩੦ ਕੀਰਤਨ ਗੁਰਦੁਆਰਾ ਸੰਗਤਸਰ ਨਾਰੰਗਵਾਲ। ੫ ਜੁਲਾਈ ਸਵੇਰੇ ੬ ਵਜੇ ਭੋਗ ਸ੍ਰੀ ਅਖੰਡ ਪਾਠ. ਉਪਰੰਤ ਦੁਪਹਿਰ ੧੨-੩੦ ਤਕ ਕੀਰਤਨ, ਸ਼ਾਮ ੮ ਵਜੇ ਅਰੰਭ ਰੈਣ ਸਬਾਈ ਕੀਰਤਨ, ੬ ਜੁਲਾਈ ਐਤਵਾਰ ਸਵੇਰੇ ੬-੩੦ ਸਮਾਪਤੀ। ਅੰਮ੍ਰਿਤ-ਸਿੰਚਾਰ ੫ ਜੁਲਾਈ ਸ਼ਾਮ ੪ ਵਜੇ ਹੋਵੇਗਾ।

ਪੁਛ ਗਿੱਛ—ਡਾ:ਦਰਸ਼ਨ ਸਿੰਘ,੬੧੪-ਆਰ, ਮਾਡਲ ਟਾਊਨ,ਲੁਧਿਆਣਾ ਦਾਸਰੇ—ਸਾਧ ਸੰਗਤ ਨਾਰੰਗਵਾਲ ਤੇ ਲੁਧਿਆਣਾ

## ਕੁਮਾਰਹੱਟੀ (ਸ਼ਿਮਲਾ ਹਿਲਜ਼) ਵਿਖੇ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਆਤਮਾ ਸਿੰਘ ਜੀ ਸੂਚਤ ਕਰਦੇ ਹਨ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਗਰਮੀਆਂ ਲਈ ਤਪੋ ਅਸਥਾਨ ਕੁਮਾਰ ਹੱਟੀ ਵਿਖੇ ੧੧ ਤੋਂ ੧੪ ਜੂਨ ਤਕ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। ਲਾਹੇ ਪ੍ਰਾਪਤ ਕਰੋ ਜੀ।

## ਮੰਡੀ ਗੋਬਿੰਦਗੜ੍ਹ ਗੁਰਦੁਆਰਾ ਛੇਵੀਂ ਪਾਤਸ਼ਾਹੀ (ਨੇੜੇ ਰੇਲਵੇ ਸਟੇਸ਼ਨ) ਵਿਖੇ ਮਾਸਕ ਰੈਣ ਸਬਾਈ

ਮਾਸਟਰ ਸਤਵੰਤ ਸਿੰਘ ਜੀ ਸੂਚਨਾ ਦੇਂਦੇ ਹਨ ਕਿ ੧੪ ਜੂਨ ਸਨੀਵਾਰ ਰਾਤ ਨੂੰ ਕੀਰਤਨ ਪ੍ਰੋਗਰਾਮ ਹੋ ਰਹੇ ਹਨ। ਆਇ ਜੁੜੋ ਜੀ

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ

ਭਾਈ ਰਜਿੰਦਰ ਸਿੰਘ ਜੀ ਡਡਲੀ ਸੂਚਨਾ ਦੇਂਦੇ ਹਨ ਕਿ ੨੮ ਜੂਨ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ—
ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ, ਹਰਨਾਲ ਲੇਨ, ਕਵੈਂਟਰੀ (ਫੋਨ : 2003-20960)
ਪੁਛ ਗਿੱਛ—ਭਾਈ ਮਹਿੰਦਰ ਸਿੰਘ, ਅਖੰਡ ਕੀਰਤਨੀ ਜਥਾ ਕਵੈਂਟਰੀ (ਫੋਨ : 0203-66593)

(2) ਭਾਈ ਕੁਲਦੀਪ ਸਿੰਘ ਜੀ ਕੀਰਤਨੀ ਵੀਰ ਦਾ ਨਵਾਂ ਐਡਰੈਸ—
Bhai Kuldeep Singh, 72-Edith Rd, West Bromwich, W. Mid. (phone 021-525-6015)

'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org